# ਸਮਤਾ

ਨਵੰਬਰ 1985 (ਅੰਕ 66)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਨਵੰਬਰ 1985

ਮੁੱਲ—ਦੋ ਰੁਪਏ

66

## ਸੰਪਾਦਕੀ ○ ਪੰਜਾਬ ਦੀ ਅਜੋਕੀ ਸਥਿਤੀ ਬਾਰੇ ਕੁਝ ਵਿਚਾਰ

○ ਅਕਤੂਬਰ 1985 ਸਮਤਾ ਦੀ ਸੰਪਾਦਕੀ ਵਿਚ ਪੰਜਾਬ ਦੇ ਲੋਕਾਂ ਨੂੰ ਕਾਂਗਰਸ ਦੀ ਹਾਰ ਉਤੇ ਮੈਂ ਵਧਾਈ ਲਿਖੀ ਸੀ। ਕੁਝ ਨਜ਼ਦੀਕੀ ਦੋਸਤਾਂ ਨੇ ਇਹਦੇ ਬਾਰੇ ਅਸਹਿਮਤੀ ਪ੍ਰਗਟ ਕੀਤੀ ਤੇ ਕਿਹਾ ਕਿ ਅਕਾਲੀ ਰਾਜ ਆਉਣ ਨਾਲ ਸਥਿਤੀ ਵਿਚ ਕੋਈ ਫਰਕ ਨਹੀਂ ਪਿਆ। ਮੈਂ ਉਹਨਾਂ ਦੇ ਪਰਗਟਾਏ ਜਜ਼ਬਾਤ ਦੀ ਕਦਰ ਕਰਦਾ ਹਾਂ ਪਰ ਕੁਝ ਘਟਨਾਵਾਂ ਜਿਹੜੀਆਂ ਮੇਰੀਆਂ ਅੱਖਾਂ ਦੇ ਸਾਹਮਣੇ ਘੱਟੀਆਂ, ਉਹਨਾਂ ਦੀ ਬਿਨ੍ਹਾ ਤੇ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਵਿਚ ਪਿਛਲੇ ਸਾਲਾਂ ਵਿਚ ਜੋ ਰਾਜ ਚਲਿਆ ਹੈ, ਉਹ ਭਾਵੇਂ ਦਰਬਾਰਾ ਸਿੰਘ ਦਾ ਸੀ ਜਾਂ ਗਵਰਨਰੀ ਸੀ, ਹਰ ਹਾਲ ਬੜਾ ਹੀ ਲੋਕ ਦੋਖੀ ਰਾਜ ਸੀ। ਇਸਦੀ ਪੁਸ਼ਟੀ 12 ਅਕਤੂਬਰ ਜਮਹੂਰੀ ਅਧਿਕਾਰ ਸਭਾ, ਪੰਜਾਬ ਵਲੋਂ ਰੀਲੀਜ਼ ਕੀਤੀ ਦਸਤਾਵੇਜ਼ 'ਪੰਜਾਬ ਦੀਆਂ ਘਟਨਾਵਾਂ ਤੇ ਰੀਪੋਰਟ' ਕਰਦੀ ਹੈ। ਪੁਲਸ ਅਤੇ ਫੌਜ ਵਲੋਂ ਕੀਤੇ ਗਏ ਅਤਿਆਚਾਰਾਂ ਦੀ ਇਹ ਰੀਪੋਰਟ ਮੂੰਹੋਂ ਬੋਲਦੀ ਨੰਗੀ ਤਸਵੀਰ ਹੈ। ਇਸ ਰੀਪੋਰਟ ਦੀ ਅੰਤਿਕਾ 6 ਵਿਚ ਸ੍ਰੀ ਟੀ.ਐਸ. ਚੀਮਾਂ, ਜ਼ਿਲਾ ਅਤੇ ਸੈਸ਼ਨ ਜੱਜ ਪਟਿਆਲਾ ਦੀ ਤਸੀਹਿਆਂ ਦੀ ਉਹ ਰੀਪੋਰਟ ਵੀ ਸ਼ਾਮਿਲ ਹੈ ਜਿਹੜੀ ਲੱਡਾ ਕੋਠੀ ਵਿਚ ਨਜ਼ਰਬੰਦਾਂ ਉਤੇ ਢਾਹੇ ਗਏ। ਜੂਨ 1984 ਤੋਂ ਪਹਿਲਾਂ ਪੰਜਾਬ ਦੀ ਹਿੰਦੂ ਵਸੋਂ ਨੇ ਡਰ ਅਤੇ ਸਹਿਮ ਦੀ ਜ਼ਿੰਦਗੀ ਗੁਜ਼ਾਰੀ, ਕਿਉਂਕਿ ਸਰਕਾਰ ਉਹਨਾਂ ਨੂੰ ਕਿਸੇ ਕਿਸਮ ਦੀ ਸੁਰੱਖਿਆ ਦੇਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਤੇ ਜੂਨ 1984 ਤੋਂ ਬਾਅਦ ਅਤਿਵਾਦ ਦੇ ਨਾਲ ਨਜਿੱਠਣ ਦੇ ਨਾਂ ਪੂਰੇ ਪੰਜਾਬ ਦੇ ਖਾਸ ਕਰਕੇ ਪੇਂਡੂ ਖੇਤਰ ਜਿਸ ਵਿਚ ਬਹੁਤੀ ਸਿੱਖ ਵਸੋਂ ਹੈ, ਅੰਤਾਂ ਦਾ ਜਬਰ ਕੀਤਾ। ਇਹੋ ਜਿਹੇ ਰਾਜ ਦੇ ਖਾਤਮੇ ਵਾਸਤੇ ਇਕ ਵਾਰ ਤਾਂ ਪੰਜਾਬ ਦੇ ਲੋਕ ਵਧਾਈ ਦੇ ਹੱਕਦਾਰ ਹਨ। ਅੱਗੇ ਚੰਗਾ ਹੋਵੇ ਮੰਦਾ ਹੋਵੇ ਉਹਦੇ ਬਾਰੇ ਹਾਲੇ ਕੁਝ ਕਹਿਣਾ ਠੀਕ ਨਹੀਂ ਲੱਗਦਾ।

○ ਇਕ ਹੋਰ ਦਾਸਤਾਨ ਜਿਸ 'ਚ ਕਾਫੀ ਹੱਦ ਤੱਕ ਸਚਾਈ ਹੋ ਸਕਦੀ ਹੈ। ਉਸ ਅਨੁਸਾਰ ਚੰਡੀਗੜ੍ਹ ਦੀ ਇਕ ਪ੍ਰਾਈ-ਵੇਟਮਹਿਫਲ 'ਚ ਸਰਕਰ ਦਾ ਕਾਂਗਰਸੀ ਬੈਠੇ ਸਨ। ਇਕ ਛੋਟਾ ਨੇਤਾ ਵੱਡੇ ਨੇਤਾ ਨੂੰ ਪੁੱਛਦਾ ਹੈ "ਅਕਾਲੀਆਂ ਦੀ ਸਰਕਾਰ ਕਿੰਨੀ ਦੇਰ ਚਲੇਗੀ?" "ਜਿੰਨੀ ਦੇਰ ਅਸੀਂ ਚਲਣ ਦੇਵਾਂਗੇ" ਵੱਡੇ ਨੇਤਾ ਦਾ ਸਪੱਸ਼ਟ ਜਵਾਬ ਸੀ। ਪੁੱਛਣ ਤੇ ਛੋਟੇ ਨੇਤਾ ਨੂੰ ਸਮਝਾਇਆ ਗਿਆ ਕਿ ਦਿੱਲੀ ਤੋਂ ਇਸ਼ਾਰੇ ਦੀ ਉਡੀਕ ਕੀਤੀ ਜਾਏਗੀ। ਇਸ਼ਾਰਾ ਮਿਲਣ ਤੇ ਅਤਿਵ ਦੀ ਕਤਲਾਂ ਦੇ ਨਾਂ ਕੁਝ ਕਤਲ ਹੋਣਗੇ, ਮਾਤਮੀ ਜਲੂਸ ਨਿਕਲਣਗੇ। ਗੜਬੜ ਹੋਏਗੀ ਜਾਂ ਕਾਰਵਾਈ ਜਾਏਗੀ। ਕੇਂਦਰ ਦਖਲ-ਅੰਦਾਜ਼ੀ ਕਰੇਗਾ। ਵਜ਼ਾਰਤ ਬਰਤਰਫ ਕਰ ਦਿੱਤੀ ਜਾਏਗੀ। ਫੌਜ ਅੱਧੇ ਘੰਟੇ ਵਿਚ ਸਾਰੇ ਪੰਜਾਬ ਦੀ ਨਾਕਾਬੰਦੀ ਕਰ ਲਵੇਗੀ। ਇਸਦੀ ਮਸ਼ਕ ਫੌਜ ਨੇ ਕਰ ਲਈ ਹੈ। ਮਾਰਸ਼ਲ ਲਾ ਲਗੇਗਾ। ਕੇਂਦਰ ਦਾ ਰਾਜ ਹੋਵੇਗਾ। ਕੇਂਦਰ ਦੇ ਰਾਜ ਦਾ ਮਤਲਬ ਸਾਡਾ ਰਾਜ ਹੋਵੇਗਾ। ਛੋਟਾ ਨੇਤਾ, ਵੱਡਾ ਨੇਤਾ ਤੇ ਹੋਰ ਕਹਿੰਦੇ ਕਹਾਉਂਦੇ ਨੇਤਾਵਾਂ ਨੇ ਇਕ ਸ਼ੈਤਾਨੀ ਹਾਸਾ

**ਇਸ ਅੰਕ ਵਿਚ**—ਸੰਪਾਦਕੀ ○ ਮਹਾਂਭੋਜ ਦੇ ਸੰਦਰਭ ਵਿਚ ਆਲੋਚਨਾ ਦਰ ਆਲੋਚਨਾ/ਸੁਰਜੀਤ ਗਿੱਲ ○ ਸੁਰਜੀਤ ਗਿੱਲ ਦੀ ਗਲਤ ਬਿਆਨੀ/ਜੈ ਦੇਵ ਦਿਲਬਰ ○ ਆਪਨੜੇ ਗਿਰੇਬਾਨ ਮਹਿ, ਮੂੰਹ ਨੀਵਾਂ ਕਰ ਦੇਖ/ਕਿਰਪਾਲ ਸਿੰਘ ਆਜ਼ਾਦ ○ ਆਂਧਰਾ ਪ੍ਰਦੇਸ਼ ਵਿਚ ਦਮਨ ਦਾ ਚੱਕਰ/ ਸਮਿਟੂ ਕੋਠਾਰੀ—ਪੰਜਾਬੀ ਰੂਪ : ਪ੍ਰੋ. ਬਲਦੀਪ ○ ਦੱਖਣੀ ਅਫਰੀਕਾ—ਜਬਰ ਦੀ ਧਰਤੀ ○ ਇਕ ਰੀਪੋਰਟ—ਪਲਸ ਮੰਚ ਦਾ "ਮੋਗਾ ਵਿਖੇ ਇਕ ਯਾਦਗਾਰੀ ਸਮਾਗਮ/ਸੁਰਜੀਤ ਬਰਾੜ ○ ਕਹਾਣੀ/ਨਿਆਂ ਦਾ ਦਰਵਾਜ਼ਾ/ਹਰੀ ਸ਼ੰਕਰ ਪਰਸਾਈ ○ ਥਰਮਲ ਪਲਾਂਟ ਬਠਿੰਡਾ ਦੇ ਮੁਲਾਜ਼ਮਾਂ ਦੀ ਵਿਕਟੇ-ਮਾਈਜ਼ੇਸ਼ਨ ਦਾ ਮਸਲਾ/ਨਰਿੰਦਰ ਕੁਮਾਰ ਜੀਤ ○ ਪਾਠਕ ਲੇਖਕ ਫੋਰਮ—ਪੁਸਤਕ 'ਤੀਲੇ ਅਤੇ ਆਲ੍ਹਣਾ' ਬਾਰੇ ਸੰਪਾਦਕ ਦੇ ਵਿਚਾਰ ਤੇ ਇਕ ਸਪੱਸ਼ਟੀਕਰਣ ○ ਇਕ ਚਿੱਠੀ ਬੂਟਾ ਸਿੰਘ ਬਰਾੜ ਵੱਲੋਂ ਤੇ ਇਸ ਦਾ ਸਪੱਸ਼ਟੀਕਰਣ।

ਹੱਸਿਆ। ਇਹ ਸਿਆਸਤਦਾਨ ਜੋ ਸਿਆਸਤਦਾਨ ਘੱਟ ਹਨ, ਪਰ ਗੁੰਡੇ ਬਹੁਤੇ ਹਨ, ਕਿਸੇ ਵੇਲੇ ਵੀ ਪੰਜਾਬ ਨੂੰ ਅੱਗ ਵਿਚ ਝੋਂਕ ਸਕਦੇ ਹਨ। ਪੰਜਾਬ ਦੇ ਲੋਕਾਂ ਨੂੰ ਇਸ ਬਾਰੇ ਖਬਰਦਾਰ ਰਹਿਣਾ ਚਾਹੀਦਾ ਹੈ। ਫਤਿਹਗੜ੍ਹ ਚੂੜੀਆਂ 19 ਅਕਤੂਬਰ ਹੋਇਆ ਕਤਲ ਅਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ ਇਕ ਵਾਰਨਿੰਗ ਹਨ।

o ਸਮਝੌਤੇ ਦਾ ਮਤਲਬ ਹੁੰਦਾ ਹੈ ਕਿ ਪਿੱਛੇ ਉਤੇ ਮਿੱਟੀ ਪਾ ਕੇ ਅੱਗੇ ਨੂੰ ਵਧੀਆ ਬਨਾਉਣ ਦਾ ਯਤਨ ਕੀਤਾ ਜਾਏ। ਪੰਜਾਬ ਸਮਝੌਤਾ ਹੋਣ ਤੇ ਵੀ ਕੈਦੀਆਂ ਦੀ ਆਮ ਰਿਹਾਈ ਨਾ ਹੋਣਾ ਜਾਂ ਫੌਜੀਆਂ ਦੇ ਖਿਲਾਫ ਕੇਸ ਵਾਪਸ ਨਾ ਲਏ ਜਾਣੇ ਸਮਝੌਤੇ ਨੂੰ ਬੇਅਰਥ ਬਣਾ ਰਹੇ ਹਨ। ਸਮਝੌਤਾ ਮੋਰਚਾ ਡਿਕਟੇਟਰ ਅਤੇ ਸਰਕਾਰ ਦੇ ਦਰਮਿਆਨ ਹੋਇਆ ਹੈ। ਇਸਦਾ ਮਤਲਬ ਹੈ ਕਿ ਪਿਛਲੇ ਸਮੇਂ ਵਿਚ ਜਿਸ ਕੋਲੋਂ ਵੀ ਕੋਈ ਗ਼ਲਤੀ ਹੋਈ ਹੈ, ਉਸਦੀ ਜਾਂ ਤਾਂ ਬਰਾਬਰ ਦੀ ਸਜ਼ਾ ਹੋਵੇ ਜਾਂ ਬਰਾਬਰ ਦੀ ਮੁਆਫੀ ਹੋਵੇ। ਬਜ਼ੁਰਗਾਂ ਨੇ ਲੜਾਈ ਲੜੀ ਤੇ ਸੁਲ੍ਹਾ ਕਰ ਲਈ ਪਰ ਇਸ ਸੁਲ੍ਹਾ ਦੀ ਇਹ ਸ਼ਰਤ ਕਦੀ ਨਹੀਂ ਹੋ ਸਕਦੀ ਕਿ ਸਾਡੀ ਤੇਰੀ ਤਾਂ ਸੁਲ੍ਹਾ ਹੋ ਗਈ, ਪਰ ਤੇਰੇ ਪੁੱਤਰ ਨੇ ਜਿਹੜਾ ਸਾਡੀ ਖਿੜਕੀ ਦੇ ਸ਼ੀਸ਼ੇ ਤੇ ਪੱਥਰ ਮਾਰਿਆ ਉਹ ਅਸੀਂ ਮੁਆਫ ਨਹੀਂ ਕਰ ਸਕਦੇ, ਇਹ ਗੱਲ ਭੁਲਾ ਦਿੱਤੀ ਗਈ ਕਿ ਛੋਟਿਆਂ ਨੇ ਜੋਸ਼ ਵਿਚ ਆ ਕੇ ਪੱਥਰ ਤਾਂ ਹੀ ਮਾਰਿਆ ਕਿਉਂਕਿ ਬਜ਼ੁਰਗਾਂ ਨੇ ਆਪਸੀ ਲੜਾਈ ਦਾ ਐਲਾਨ ਕੀਤਾ ਹੋਇਆ ਸੀ। ਜਿਹੜੀਆਂ ਗ਼ਲਤੀਆਂ ਹੋਈਆਂ ਉਹਨਾਂ ਦੀ ਫਹਿਰਿਸਤ ਹੇਠਾਂ ਦਿੱਤੀ ਕਹੀ ਜਾ ਸਕਦੀ ਹੈ।

1. ਧਾਰਮਿਕ ਜਨੂੰਨ ਦੇ ਜ਼ਹਿਰ ਥੱਲੇ ਦੂਜੇ ਧਰਮ ਦੇ ਬੰਦਿਆਂ ਦਾ ਕਤਲ, ਨਿਰੰਕਾਰੀ ਤੇ ਸਾਧਾਰਨ ਹਿੰਦੂਆਂ ਦਾ ਕਤਲ ਇਸ ਵਿਚ ਸ਼ਾਮਲ ਹਨ।
2. ਪੁਲਸ ਦੇ ਹੱਥੋਂ ਝੂਠੇ ਪੁਲਸ ਮੁਕਾਬਲੇ ਬਣਾ ਕੇ ਕੇਸਾਧਾਰੀ ਨੌਜਵਾਨਾਂ ਦਾ ਕਤਲ।
3. ਸਿਆਸੀ ਧੜੇਬੰਦੀ ਤੇ ਸਾਜ਼ਿਸ਼ਾਂ ਥੱਲੇ ਹੋਏ ਕਤਲ।
4. ਪ੍ਰਧਾਨ ਮੰਤਰੀ ਦੀ ਹੱਤਿਆ ਤੇ ਹੱਤਿਆ ਦੇ ਬਾਅਦ ਹਿੰਦੂ ਕਾਂਗਰਸੀਆਂ ਸਿੱਖਾਂ ਵੱਲੋਂ ਦਾ ਕਤਲੇਆਮ।
5. ਫੌਜੀ ਰਾਜ ਵੇਲੇ ਤਸੀਹਿਆਂ ਦੇ ਨਾਲ ਕੀਤੇ ਕਤਲ।

ਹੁਣ ਇਹ ਸਮਝੌਤਾ ਸਹੀ ਸਮਝੌਤਾ ਨਹੀਂ ਕਿਹਾ ਜਾ ਸਕਦਾ ਕਿ ਇਕ ਕਸੂਰ ਕਰਨ ਵਾਲੇ ਤਾਂ ਵਜ਼ਾਰਤ ਦੀਆਂ ਕੁਰਸੀਆਂ ਤੇ ਬੈਠਣ ਜਾਂ ਉਹਨਾਂ ਦੀਆਂ ਤਰੱਕੀਆਂ ਕੀਤੀਆਂ ਜਾਣ ਜਾਂ ਉਹਨਾਂ ਦੀਆਂ ਛਾਤੀਆਂ ਤੇ ਤਗ਼ਮੇ ਲਗਾਏ ਜਾਣ ਤੇ ਦੂਜਿਆਂ ਨੂੰ ਜੇਲ੍ਹਾਂ ਵਿਚ ਬੰਦ ਰਖਿਆ ਜਾਵੇ ਜਾਂ ਕੋਰਟ ਮਾਰਸ਼ਲ ਕਰਕੇ ਸਜ਼ਾਵਾਂ ਦਿੱਤੀਆਂ ਜਾਣ। ਦਿੱਲੀ ਵਿਚ ਹੋਏ ਕਤਲਾਂ ਦਾ ਇਕ ਜ਼ਿੰਮੇਵਾਰ ਐਚ.ਐਲ.ਕੇ. ਭਗਤ ਕੇਂਦਰੀ ਮੰਤਰੀ ਹੈ। ਪੰਜਾਬ ਵਿਚ ਸਭ ਤੋਂ ਵੱਧ ਫਿਰਕੂ ਜ਼ਹਿਰ ਫੈਲਾਉਣ ਵਾਲਾ ਸੁਖਜਿੰਦਰ ਸਿੰਘ ਪੰਜਾਬ ਵਜ਼ਾਰਤ ਦਾ ਮੰਤਰੀ ਹੈ, ਇਹ ਇਕ ਸਥਾਪਤ ਸੱਚਾਈ ਹੈ ਕਿ ਮੰਜੀ ਸਾਹਿਬ ਦੇ ਦੀਵਾਨਾਂ ਵਿਚ ਜਿੰਨੀਆਂ ਜ਼ਹਿਰੀ ਤਕਰੀਰਾਂ ਸੁਖਜਿੰਦਰ ਸਿੰਘ ਨੇ ਕੀਤੀਆਂ ਸਨ, ਹੋਰ ਕਿਸੇ ਨੇ ਨਹੀਂ ਕੀਤੀਆਂ। ਇਹਨਾਂ ਦੋਨੋਂ ਸ਼ਖਸੀਅਤਾਂ ਦਾ ਮੰਤਰੀ ਮੰਡਲਾਂ ਵਿਚ ਰਹਿਣਾ ਇਕ ਕੇਸ ਵਿਚ ਸਿੱਖਾਂ ਦੇ ਜ਼ਖਮਾਂ ਤੇ ਲੂਣ ਛਿੜਕਣਾ ਹੈ ਤੇ ਦੂਜੇ ਕੇਸ ਵਿਚ ਹਿੰਦੂਆਂ ਦੇ ਜਜ਼ਬਾਤਾਂ ਨੂੰ ਠੇਸ ਪੁਚਾਣੀ ਹੈ। ਸਮਝੌਤਾ ਸਹੀ ਸਮਝੌਤਾ ਹੁਣ ਤਾਂ ਹੀ ਕਿਹਾ ਜਾ ਸਕਦਾ ਹੈ ਕਿ ਸਾਰੇ ਫੌਜੀਆਂ ਦੀ ਬਹਾਲੀ ਕੀਤੀ ਜਾਏ। ਇਹਨਾਂ ਦਾ ਕਸੂਰ, ਭੜਕਾਉਣ ਵਾਲਿਆਂ ਦੇ ਕਸੂਰ ਨਾਲੋਂ ਬਹੁਤਾ ਨਹੀਂ ਸੀ। ਪੰਜਾਬ ਵਿਚ ਸਥਾਈ ਸ਼ਾਂਤੀ ਲਈ ਇਹ ਹੋਣਾਂ ਜ਼ਰੂਰੀ ਹੈ ਨਹੀਂ ਤਾਂ ਕੁੜੱਤਣ ਕਦੀ ਵੀ ਨਹੀਂ ਮਿਟ ਸਕਦੀ।

ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਪਾਰਟੀ ਦਾ ਮੈਨੀਫੈਸਟੋ ਰੀਲੀਜ਼ ਕਰਦਿਆਂ ਸਹੀ ਤੌਰ ਤੇ ਇਹ ਆਖਿਆ ਸੀ ਕਿ ਅਤਿਵਾਦ ਕਿਧਰੇ ਬਾਹਰਲੇ ਦੇਸ਼ਾਂ ਵਿਚੋਂ ਨਹੀਂ ਆਇਆ, ਇਹਦੇ ਬੀਜ ਪੰਜਾਬ ਵਿਚ ਚਲਾਈਆਂ ਜਾਣ ਵਾਲੀਆਂ ਨੀਤੀਆਂ ਵਿਚ ਹਨ। ਹੁਣ ਉਹ ਆਪ ਕੁਰਸੀ ਤੇ ਹਨ। ਉਹਨਾਂ ਨੂੰ ਇਹ ਬੀਜ ਜਾਂ ਕਾਰਨ ਦੂਰ ਕਰਨੇ ਚਾਹੀਦੇ ਹਨ ਜੋ ਅਤਿਵਾਦ ਨੂੰ ਜਨਮ ਦੇਂਦੇ ਹਨ ਤੇ ਇਹ ਕਰਨ ਲਈ ਆਮ ਰਿਹਾਈ ਬਹੁਤ ਜ਼ਰੂਰੀ ਹੈ। 9 ਅਗਸਤ ਅਮ੍ਰਿਤਸਰ ਵਿਖੇ ਹੋਈ ਗਵਰਨਰ ਦੀ ਸੱਦਭਾਵਨਾ ਕਮੇਟੀ ਵਿਚ ਬੋਲਦੇ ਹੋਏ ਬਲਵੰਤ ਸਿੰਘ ਨੇ ਇਹ ਕਿਹਾ ਸੀ ਕਿ ਅਕਾਲੀ ਦਲ ਕੈਦੀਆਂ ਦੀ ਆਮ ਰਿਹਾਈ ਵਾਸਤੇ ਵਚਨਬੱਧ ਹੈ। ਉਹਨਾਂ ਨੂੰ ਇਹ ਵਚਨ ਪੂਰੇ ਕਰਨੇ ਚਾਹੀਦੇ ਹਨ। ਇਸ ਮਸਲੇ ਤੇ ਜੇ ਉਹ ਕੇਂਦਰ ਦੇ ਦਬਾਅ ਅੱਗੇ ਝੁੱਕ ਗਏ ਤਾਂ ਅਕਾਲੀ ਦਲ ਦੀ ਵਜ਼ਾਰਤ ਬਹੁਤੀ ਦੇਰ ਨਹੀਂ ਚੱਲ ਸਕੇਗੀ।

o ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰ ਭਾਵੇਂ ਬਦਲ ਗਈ ਹੈ ਤੇ ਹਾਲਾਤ ਕੁਝ ਸੁਖਾਵੇਂ ਵੀ ਹੋਏ ਹਨ ਪਰ ਫੇਰ ਵੀ ਹਰ ਵੇਲੇ ਖਤਰਾ ਹੈ ਕਿ ਸੈਤਾਨ ਇਹ ਆਪਣੀ ਖੇਡ ਨਾ ਖੇਡ ਜਾਣ। ਇਹਦੇ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਚੇਤਨ ਕਰਨ ਦੀ ਲੋੜ ਹੈ। ਉਹਨਾਂ ਨੂੰ ਚੰਗੀ ਜ਼ਿੰਦਗੀ ਲਈ, ਜਿੱਥੇ ਉਹਨਾਂ ਦੀ ਮੇਹਨਤ ਦੀ ਲੁੱਟ ਨਾ ਹੋਵੇ, ਸੰਘਰਸ਼ਾਂ ਵਿਚ ਪਾਉਣਾ ਹੀ ਸਿਹਤਮੰਦ ਸਮਾਜਿਕ ਜ਼ਿੰਦਗੀ ਲਈ ਇਕੋ ਇਕ ਰਾਹ ਹੈ। ਇਹ ਸੰਘਰਸ਼ ਹੀ ਲੋਕ ਏਕਤਾ ਦਾ ਜ਼ਾਮਨ ਹਨ।

**ਗੁਰਸ਼ਰਨ ਸਿੰਘ**

# ਇਕ ਇਨਕਲਾਬੀ ਯੋਧਾ ਵਿਛੜ ਗਿਆ

**ਸੁਰਜੀਤ ਬਰਾੜ**

ਪੰਜਾਬ ਨੇ ਅਨੇਕਾਂ ਇਨਕਲਾਬੀ ਯੋਧੇ ਅਤੇ ਸਿਰਲੱਥ ਸੂਰਬੀਰ ਪੈਦਾ ਕੀਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਮੁਗਲਾਂ ਅਤੇ ਅੰਗਰੇਜ਼ ਸਾਮਰਾਜ ਨਾਲ ਮੱਥਾ ਲਾਇਆ ਅਤੇ ਉਨ੍ਹਾਂ ਨੂੰ ਦੇਸ਼ ਦੀ ਜੂਹ 'ਚੋਂ ਬਾਹਰ ਭਜਾਇਆ।

ਇਹਨਾਂ ਵਿਚ ਹੀ ਇਕ ਕਰਾਂਤੀਕਾਰੀ ਸੂਰਬੀਰ ਡਾ. ਸੁਰਜੀਤ ਸਿੰਘ ਘੋਲੀਆ ਹੋਇਆ ਹੈ। ਡਾ. ਸੁਰਜੀਤ ਘੋਲੀਆ ਛੋਟੀ ਜਿਹੀ ਭਾਵ ਚੌਦਾਂ ਕੁ ਸਾਲ ਦੀ ਉਮਰ ਵਿਚ,ਹੀ ਅੰਗਰੇਜ਼ੀ ਹਕੂਮਤ ਤੋਂ ਬਾਗੀ ਹੋ ਗਿਆ ਸੀ। ਆਪ ਨੇ ਅੰਗਰੇਜ਼ਾਂ ਵਿਰੁਧ ਲੜਦਿਆਂ ਆਪਣੇ ਸਰੀਰ ਉੱਤੇ ਅਨੇਕਾਂ ਤਸੀਹੇ ਸਹੇ ਅਤੇ ਲਗਭਗ ਸਾਢੇ ਤਿੰਨ ਸਾਲ ਬਾਮੁਸ਼ੱਕਤ ਜੇਲ੍ਹ ਕੱਟੀ, ਪਰ ਡਾ. ਘੋਲੀਆ ਸਿੱਦਕੋਂ ਨਹੀਂ ਹਾਰਿਆ। ਉਦੋਂ ਤੱਕ ਆਪਣੇ ਇਨਕਲਾਬੀ ਸਾਥੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅੰਗਰੇਜ਼ਾਂ ਵਿਰੁੱਧ ਲੜਦਾ ਰਿਹਾ ਜਦੋਂ ਤੱਕ ਅੰਗਰੇਜ਼ ਭਾਰਤ ਛੱਡ ਕੇ ਚਲੇ ਨਹੀਂ ਗਏ। ਇਕ ਸਾਲ ਦੀ ਸਜ਼ਾ ਆਪਨੂੰ ਉਦੋਂ ਹੋਈ ਜਦੋਂ ਹਰਸ਼ਾ ਛੀਨਾ ਮੋਰਚਾ ਲੱਗਿਆ ਸੀ। ਇਹ ਸਜ਼ਾ ਆਪ ਨੇ ਲਾਹੌਰ ਸੈਂਟਰਲ ਜੇਲ੍ਹ ਵਿਚ ਕੱਟੀ ਸੀ। ਉਸ ਤੋਂ ਬਾਅਦ ਆਪ ਨੇ ਮੋਗੇ ਕਾਲਜ ਵਿਚ ਅੰਗਰੇਜ਼ਾਂ ਦਾ ਤਖ਼ਤਾ ਉਲਟਾਉਣ ਲਈ ਤਕਰੀਰ ਕੀਤੀ ਸੀ। ਜਿਸ ਵਿਚ ਆਪ ਨੂੰ ਸਜ਼ਾ ਹੋਈ ਸੀ। ਇਕ ਵਾਰ ਕੋਕਰੀ ਬੰਬ ਬਣਾਉਣ ਤੇ ਆਪ ਛੱਜੂ ਰਾਮ ਕੋਕਰੀ ਨਾਲ ਫੜੇ ਗਏ ਸੀ ਉਦੋਂ ਆਪ ਤੇ ਚੋਰੀ ਦਾ ਕੇਸ ਬਣਾ ਕੇ ਸਜ਼ਾ ਦਿੱਤੀ ਗਈ। ਇਕ ਵਾਰ ਆਪਨੂੰ ਅੰਗਰੇਜ਼ਾਂ ਵਿਰੁਧ ਇਸ਼ਤਿਹਾਰ ਲਾਉਂਦਿਆਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਸਜ਼ਾ ਦਿੱਤੀ ਗਈ ਸੀ। ਆਪ ਦੇ ਨਜ਼ਦੀਕੀ ਸਾਥੀ ਸਨ ਕਾਮਰੇਡ ਦੇਵਾ ਸਿੰਘ ਮਾਹਲਾ ਅਤੇ ਕਾਮਰੇਡ ਭੂਰ ਬਰਜਿੰਦਰ ਪੱਤੋ। ਅੰਗਰੇਜ਼ਾਂ ਨੂੰ ਭਾਰਤ ਚੋਂ ਬਾਹਰ ਕੱਢਣ ਤੋਂ ਬਾਅਦ ਵੀ ਆਪ ਸੰਤੁਸ਼ਟ ਨਾ ਹੋਏ। ਪਹਿਲਾਂ ਉਨ੍ਹਾਂ ਨੇ ਸੀ.ਪੀ.ਆਈ. ਵਿਚ ਕੰਮ ਕੀਤਾ ਸੀ ਬਾਅਦ ਵਿਚ ਲਾਲ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਪੈਪਸੂ ਦਾ ਮੁਜ਼ਾਰਾ ਘੋਲ ਲੜਿਆ। ਅਖੀਰ 1964 ਵਿਚ ਆਪ ਮਾਰਕਸਵਾਦੀ ਪਾਰਟੀ ਦੇ ਹੋਂਦ 'ਚ ਆਉਣ ਨਾਲ ਉਸ ਵਿਚ ਸ਼ਾਮਲ ਹੋ ਗਏ। ਡਾ. ਘੋਲੀਆ ਦਾ ਵਿਚਾਰ ਸੀ ਕਿ ਦੇਸੀ ਰਾਜ ਵੀ ਇਕ ਅਖੌਤੀ ਆਜ਼ਾਦ ਰਾਜ ਸੀ... ਉਹ ਕਹਿੰਦੇ ਸਨ ਕਿ ਹਿੰਦੁਸਤਾਨ ਦਾ ਭਲਾ ਕਮਿਊਨਿਸਟ ਹੀ ਕਰ ਸਕਦੇ ਹਨ ਅਤੇ ਮਜ਼ਦੂਰਾਂ ਦੀ ਤਾਨਾਸ਼ਾਹੀ ਅਤੇ ਸਮਾਜਵਾਦ ਦੇ ਆਉਣ ਨਾਲ ਹੀ ਅਸਲੀ ਆਜ਼ਾਦੀ ਆ ਸਕੇਗੀ ਅਤੇ 1967 ਵਿਚ ਨਕਸਲਬਾੜੀ ਲਹਿਰ ਦੇ ਉੱਠਣ ਤੇ ਡਾ. ਸੁਰਜੀਤ ਉਸ ਵਿਚ ਸ਼ਾਮਲ ਹੋ ਗਏ। ਜਿਥੇ ਡਾ. ਘੋਲੀਆ ਨੇ ਅੰਗਰੇਜ਼ਾਂ ਦੀਆਂ ਜੇਲ੍ਹਾਂ ਕੱਟੀਆਂ, ਉਥੇ ਉਨ੍ਹਾਂ ਨੂੰ ਅਨੇਕਾਂ ਵਾਰ ਦੇਸੀ ਹਕੂਮਤ ਨੇ ਤਸੀਹੇ ਦਿੱਤੇ ਅਤੇ ਕੈਦ ਕੀਤਾ। ਦੇਸੀ ਹਕੂਮਤ ਦੀਆਂ ਜੇਲ੍ਹਾਂ ਵਿਚ ਡਾ. ਸੁਰਜੀਤ ਸਿੰਘ ਨੇ ਲਗਭਗ ਚਾਰ ਸਾਲ ਸਜ਼ਾ ਭੁਗਤੀ। ਸਭ ਤੋਂ ਵੱਧ ਸਮਾਂ ਉਹ ਐਮਰਜੈਂਸੀ ਵਿਚ 19 ਮਹੀਨੇ ਜੇਲ੍ਹ ਅੰਦਰ ਰਿਹਾ। ਡਾ. ਸੁਰਜੀਤ ਸਿੰਘ ਘੋਲੀਆ ਨੇ ਸਾਰੀ ਉਮਰ ਲੋਕ ਸੇਵਾ ਕੀਤੀ ਅਤੇ ਮਨੁੱਖ ਮਾਤਰ ਦੀ ਜ਼ਿੰਦਗੀ ਨੂੰ ਵਧੀਆ ਬਣਾਉਣ ਲਈ ਕੰਮ ਕੀਤਾ। ਆਪ ਨੇ ਸਰਕਾਰ ਦੇ ਸਭ ਲਾਲਚਾਂ ਨੂੰ ਤਿਆਗ ਕੇ ਸਿਰਫ਼ ਤੇ ਸਿਰਫ਼ ਮਨੁੱਖਤਾ ਦੀ ਸੇਵਾ ਕੀਤੀ। ਸਰਕਾਰ ਤੋਂ ਕੋਈ ਤਾਮਰ-ਪੱਤਰ ਨਹੀਂ ਲਿਆ, ਕੋਈ ਪੈਨਸ਼ਨ ਨਹੀਂ ਲਈ ਅਤੇ ਨਾ ਹੀ ਕੋਈ ਹੋਰ ਸਹੂਲਤ ਜਿਹੜੀ ਕਿ ਆਜ਼ਾਦੀ ਘੁਲਾਟੀਏ ਨੂੰ ਦਿੱਤੀ ਜਾਂਦੀ ਸੀ।

ਡਾ. ਸੁਰਜੀਤ ਸਿੰਘ ਘੋਲੀਆ ਅਣਥੱਕ ਵਰਕਰ ਹੋਣ ਦੇ ਨਾਲ ਨਾਲ ਇਕ ਚੰਗੇ ਲਿਖਾਰੀ ਵੀ ਸਨ। ਆਪ ਨੇ ਦੋ ਵਰ੍ਹੇ 'ਵੰਗਾਰ' ਰਸਾਲਾ ਕੱਢ ਕੇ ਸਾਹਿਤ ਅਤੇ ਰਾਜਨੀਤੀ ਦੀ ਸੇਵਾ ਕੀਤੀ। ਇਸ ਤੋਂ ਬਿਨਾਂ ਆਪ ਨਵੇਂ ਰਾਹ ਸਪਤਾਹਿਕ ਪਰਚਾ ਮੋਗੇ ਤੋਂ ਕਈ ਸਾਲ ਪ੍ਰਕਾਸ਼ਤ ਕਰਦੇ ਰਹੇ। ਆਪ ਨੇ ਅਨੇਕਾਂ ਲੋਕ ਗੀਤ, ਕਵਿਤਾਵਾਂ; ਲੇਖ ਅਤੇ ਸਾਹਿਤ ਦੇ ਹੋਰ ਰੂਪਾਂ ਤੇ ਹੱਥ ਅਜ਼ਮਾਇਆ ਅਤੇ ਇਨਕਲਾਬੀ ਸਾਹਿਤ ਦਾ ਖ਼ਜ਼ਾਨਾ ਭਰਭੂਰ ਕੀਤਾ। ਆਪ ਦੀ ਕਲਮ ਵਿਚ ਅਥਾਹ ਰਵਾਨੀ ਸੀ। ਆਪ ਨੇ ਬਹੁਤ ਭਿਆਨਕ ਰੋਗਾਂ ਦਾ ਇਲਾਜ ਕੀਤਾ। ਦਮਾਂ, ਬਵਾਸੀਰ, ਫੋੜੇ, ਫਿਨਸੀ, ਫੁਲ੍ਹਿਰੀ ਆਦਿਕ ਰੋਗਾਂ ਤੋਂ ਇਲਾਵਾ ਡਾ. ਘੋਲੀਆ ਨੇ ਪੰਜਾਬ ਦੇ ਹਜ਼ਾਰਾਂ ਗਭਰੂਆਂ ਦੀ ਅਫ਼ੀਮ ਛੁਡਾਈ। ਡਾ. ਸਾਹਿਬ ਬੜੇ ਚਿੰਤਤ ਸਨ ਕਿ ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰ ਨਸ਼ਿਆਂ ਪੱਤਿਆਂ 'ਚ ਡੋਬ ਰਹੀ ਹੈ ਅਤੇ ਇਨ੍ਹਾਂ ਨੌਜਵਾਨਾਂ ਨੂੰ ਬਚਾਉਣ ਲਈ ਉਨ੍ਹਾਂ ਇਹ ਸ਼ੁਭ ਕਾਰਜ ਆਰੰਭਿਆ। ਇਸ ਤੋਂ ਬਿਨਾਂ ਆਪ ਨੇ ਜੜੀਆਂ ਬੂਟੀਆਂ ਉਪਰ ਬੜੀ ਮੇਹਨਤ ਨਾਲ ਇਕ ਦੁਰਲੱਭ ਕਿਤਾਬ ਵੀ ਲਿਖੀ ਹੈ। ਉਹ ਕਹਿੰਦੇ ਸਨ ਕਿ ਅੱਜ ਐਲੋਪੈਥੀ ਬੜੀ ਮਹਿੰਗੀ ਪੈਂਦੀ ਹੈ ਜੋ ਕਿ ਸਾਡੀ ਸਮਰੱਥਾ ਤੋਂ ਬਾਹਰ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣਾ ਇਲਾਜ ਸਸਤਾ ਤੇ ਸੌਖਾ ਕਰੀਏ—ਗਰੀਬ ਲੋਕਾਂ ਦੇ ਨਾਮ ਇਹ ਕਿਤਾਬ ਬੜੀ ਹੀ ਲਾਭਕਾਰੀ ਹੈ। ਜਿਹੜੀ ਜਲਦੀ ਹੀ ਲੋਕਾਂ ਤੀਕ ਪੁੱਜਦਾ ਕਰ ਦਿੱਤੀ ਜਾਏਗੀ।

ਇਹ ਸੀ ਉਹ ਮਹਾਨ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਆ ਜਿਸਦਾ ਪਿਛਲੇ ਦਿਨੀ ੭ ਜੂਨ 85 ਦੀ ਸ਼ਾਮ ਨੂੰ ਅਚਾਨਕ ਦਿਹਾਂਤ ਹੋ ਗਿਆ।

# ਮਹਾਂ-ਭੋਜ ਦੇ ਸੰਦਰਭ ਵਿਚ
# ਅਲੋਚਨਾ ਦਰ ਅਲੋਚਨਾ

ਸਤੰਬਰ ਦੇ ਸਮਤਾ ਵਿਚ ਮਹਾਂ-ਭੋਜ (ਨਾਵਲ) 'ਪਹੁੰਚੇ ਹਾਂ ਕਿਸ ਮੁਕਾਮ 'ਤੇ' (ਕਾਵਿ-ਸੰਗ੍ਰਹਿ) ਬਾਰੇ ਮੇਰੀ ਚਿੱਠੀ ਛਾਪਕੇ ਗੁਰਸ਼ਰਨ ਸਿੰਘ ਹੁਰਾਂ ਨੇ ਪਾਠਕਾਂ ਦੇ ਪ੍ਰਤੀਕਰਮ ਦੀ ਮੰਗ ਕੀਤੀ ਸੀ। ਇਸ ਸੰਬੰਧ ਵਿਚ ਅਕਤੂਬਰ ਦੇ ਪਰਚੇ ਵਿਚ ਕੁਝ ਚਿੱਠੀਆਂ ਛਪੀਆਂ ਹਨ। ਜਿਨ੍ਹਾਂ ਵਿਚੋਂ ਦੋ ਸ਼ਾਹਚਮਨ ਤੇ ਆਸੀ-ਮਾਨਵਜੀਤ ਦੇ ਵਿਚਾਰ ਖਾਸ ਧਿਆਨ ਯੋਗ ਤੇ ਵਾਦ ਵਿਵਾਦੀ ਹਨ।

ਸ਼ਾਹ ਚਮਨ ਫਰਮਾਉਂਦਾ ਹੈ ਕਿ ਮਹਾਂ-ਭੋਜ ਬਾਰੇ ਸੁਰਜੀਤ ਗਿੱਲ ਦੀ ਪਹੁੰਚ ਕਟੜਵਾਦੀ ਹੈ, ਇਸ ਗੱਲ ਦਾ ਉਤਰ ਦੇਣ ਤੋਂ ਪਹਿਲਾਂ ਮੈਂ ਕੁਝ ਅਲੋਚਨਾ ਬਾਰੇ ਕਹਿਣਾ ਚਾਹਾਂਗਾ। ਆਲੋਚਨਾ ਕਰਨ ਸਮੇਂ ਕਈ ਗੱਲਾਂ ਪ੍ਰਭਾਵ ਪਾਉਂਦੀਆਂ ਹਨ। ਇਕ ਪਾਠਕ ਦੀ ਪੱਧਰ ਦੀ ਅਲੋਚਨਾ ਜਿਸ ਵਿਚ ਕਿਸੇ ਅਲੋਚਨਾ ਸਿਧਾਂਤ ਦਾ ਹੋਣਾ ਜ਼ਰੂਰੀ ਨਹੀਂ ਹੁੰਦਾ। ਪਾਠਕ ਦਾ ਆਪਣਾ ਸਹਿਜ ਸਵਾਦ, ਬੌਧਿਕ ਪੱਧਰ ਤੇ ਸਮਾਜਿਕ ਤੇ ਰਾਜਸੀ ਦਰਿਸ਼ਟੀਕੋਣ ਫੈਸਲਾ ਕਰਦੇ ਹਨ। ਸੋ ਸ਼ਾਹ ਚਮਨ ਤੇ ਮਾਨਵਜੀਤ ਦੀ ਆਲੋਚਨਾ ਇਕ ਪਾਠਕ ਦੀ ਅਲੋਚਨਾ ਹੈ। ਸੰਭਵ ਹੈ ਉਹਨਾਂ ਨੂੰ ਨਾਵਲ ਚੰਗਾ ਲਗਿਆ ਹੋਵੇ ? ਪਰੰਤੂ ਜਿਹੜੇ ਕਾਰਨ ਉਹਨਾਂ ਬਿਆਨ ਕੀਤੇ ਹਨ। ਉਹ ਕੇਵਲ ਉਹਨਾਂ ਦੀ ਅਪਣੀ ਪਸੰਦ ਦੇ ਹਨ। ਕਿਸੇ ਅਲੋਚਨਾ ਸਿਧਾਂਤ ਖਾਸ ਕਰਕੇ ਸਮਾਜਵਾਦੀ-ਯਥਾਰਥਵਾਦ ਨਾਲ ਇਹਨਾਂ ਦਾ ਕੋਈ ਸਬੰਧ ਨਹੀਂ ਹੈ। ਦੋਨਾਂ ਪਾਠਕਾਂ ਨੇ ਜ਼ਿਕਰ ਵੀ ਕੇਵਲ ਯਥਾਰਥ ਦਾ ਹੀ ਕੀਤਾ ਹੈ, ਸਮਾਜਵਾਦੀ-ਯਥਾਰਥਵਾਦ ਦਾ ਨਹੀਂ। ਮਹਾਂ-ਭੋਜ ਮੈਂ ਮੁੜ ਪੜ੍ਹਿਆ ਹੈ। ਮੈਂ ਆਪਣੇ ਨਿਰਨਿਆਂ ਤੇ ਦ੍ਰਿੜ੍ਹ ਹਾਂ। ਇਹ ਹਨ:—

1. ਮਹਾਂ ਭੋਜ ਦੇ ਪਾਤਰ ਪਿਛੇ ਖਿਚੂ, ਵਿਅਕਤੀਵਾਦੀ ਤੇ ਆਪ ਹੁਦਰੇ ਹਨ। ਜਿਹੜੇ ਜਮਾਤੀ ਜਥੇਬੰਦੀ ਤੇ ਰਾਜਸੀ ਚੇਤਨਾ ਨੂੰ ਰੱਦ ਕਰਦੇ ਹਨ। ਬਿੰਦਾ ਕਹਿੰਦਾ ਹੈ, ਬਿਸੂ ਨਕਸਲੀ ਨਹੀਂ ਸੀ...ਉਹ ਤਾਂ ਉਹਨਾਂ ਨੂੰ ਬੁਰਾ ਸਮਝਦਾ ਸੀ...। ਕਿਸੇ ਵੀ ਕਿਸਮ ਦੀ ਜਥੇਬੰਦੀ ਦਾ ਖੰਡਨ ਹੈ। ਕੇਵਲ ਅਚੇਤਨ ਜਨਸਮੂਹ ਦਾ ਜ਼ਿਕਰ ਹੈ।

2. ਦਿਲੀ ਦਰੁਸਤ ਹੈ ਕਿ ਸਰਮਾਏਦਾਰ-ਜਗੀਰਦਾਰ ਰਾਜ ਦੇ ਕੇਂਦਰੀ ਚਿੰਨ੍ਹ ਹਨ। ਪਰੰਤੂ ਪਹਿਲਾਂ ਵਿਸੂ, ਫਿਰ ਬਿੰਦਾ ਤੇ ਫਿਰ ਸਕਸੈਨਾ, ਉਸ ਚਿੰਨ੍ਹ ਵਿਰੁੱਧ ਕਿਸੇ ਸੰਘਰਸ਼ ਦਾ ਜ਼ਿਕਰ ਨਹੀਂ ਕਰਦੇ। ਬਲਕਿ ਕਾਨੂੰਨੀ ਪੱਖ ਤੇ ਜ਼ੋਰ ਦਿੰਦੇ ਹਨ, ਜਿਸ ਤੋਂ ਜਾਪਦਾ ਹੈ ਕਿ ਰਾਜਾਂ ਵਿਚ ਗੜਬੜ ਹੈ, ਦਿਲੀ ਇਨਸਾਫ ਮਿਲਦਾ ਹੈ। ਜਿਹੜਾ ਕੋਈ ਇਕੱਲਾ ਵਿਅਕਤੀ ਵੀ ਪਰਾਪਤ ਕਰ ਸਕਦਾ ਹੈ। ਇਹ ਕਿਹੜੀ ਜਮਾਤ ਦਾ ਸਿਧਾਂਤ ਹੈ ? ਜਿਹੜਾ ਹਾਕਮ ਜਮਾਤ ਵਿਚੋਂ ਵਿਸ਼ਵਾਸ ਡੋਲ੍ਹਣ ਨਹੀਂ ਦਿੰਦਾ। ਕਿਸੇ ਜਮਾਤੀ ਸੰਘਰਸ਼ ਨੂੰ ਉਤਸ਼ਾਹ ਨਹੀਂ ਦਿੰਦਾ। ਕੇਵਲ ਵਿਅਕਤੀ-ਗਤ ਯਤਨਾਂ ਦੀ ਗੱਲ ਕਰਦਾ ਹੈ।

3. ਨਾਵਲ ਵਿਚ ਬੁਰਜਵਾ ਜਗੀਰਦਾਰ ਪਾਰਟੀਆਂ ਦਾ ਕਿਰਦਾਰ ਨੰਗਾ ਕੀਤਾ ਗਿਆ ਹੈ। ਹੋ ਸਕਦਾ ਹੈ ਇਹ ਯਥਾਰਥ ਹੋਵੇ। ਪਰੰਤੂ ਕੇਵਲ ਤਸਵੀਰ ਕਸ਼ੀ ਕਾਫ਼ੀ ਨਹੀਂ, ਦੁਸ਼ਮਨ ਦੀ ਨਿਸ਼ਾਨਦਿਹੀ, ਜਮਾਤੀ ਕਤਾਰਬੰਦੀ ਤੇ ਜਮਾਤੀ ਸੰਘਰਸ਼ ਦੀ ਕਲਾਮਈ ਪੇਸ਼ਕਾਰੀ ਜ਼ਰੂਰੀ ਹੈ, ਜਿਹੜੀ ਨਾਵਲ ਵਿਚ ਨਹੀਂ ਹੈ। ਇਸ ਲਈ ਇਹ ਸਮਾਜਵਾਦੀ-ਯਥਾਰਥਵਾਦੀ ਦਰਿਸ਼ਟੀ ਤੋਂ ਰੱਦ ਕਰਨ ਯੋਗ ਹੈ।

ਸ਼ਾਹ ਕਹਿੰਦਾ ਹੈ ਕਿ ਸੁਰਜੀਤ ਗਿੱਲ ਦੀ ਅਲੋਚਨਾ ਕਟੜਪੰਥੀ ਹੈ। ਇਹ ਵਿਚਾਰੇ ਦਾ ਕਸੂਰ ਨਹੀਂ। 1962 ਤੋਂ ਪਿਛੋਂ ਡਾਂਗੇ ਸਾਹਿਬ ਨੇ ਇਹ ਸ਼ਬਦ ਉਹਨਾਂ ਨੂੰ ਅਜਿਹਾ ਰਟਾਇਆ ਹੈ ਕਿ ਉਹਨਾਂ ਦੀ ਸੋਚ ਨਾਲ ਟਕਰਾਉਣ ਵਾਲੀ ਹਰ ਗੱਲ ਕਟੜਪੰਥੀ ਹੋ ਗਈ ਹੈ। ਪਰੰਤੂ ਸ਼ਾਹ ਸਾਹਬ ਸੋਧਵਾਦ ਤੇ ਸੁਧਾਰਵਾਦ ਬਾਰੇ ਕੀ ਵਿਚਾਰ ਹੈ ਜਿਸ ਵਿਚ ਤੁਸੀਂ ਤੇ ਤੁਹਾਡੀ ਪਾਰਟੀ ਬੋਦੀ ਤੱਕ ਡੁੱਬੇ ਹੋਏ ਹੋ। ਤੁਹਾਡੇ ਲਈ ਇਹ ਨਾਵਲ ਠੀਕ ਹੈ। ਤੁਹਾਡੀ ਰਾਜਨੀਤੀ ਨੂੰ ਠੀਕ ਬੈਠਦਾ ਹੈ। ਪਰੰਤੂ ਇਹ ਖਾੜਕੂ ਤੇ ਇਨਕਲਾਬੀ ਰਾਜਨੀਤੀ ਦਾ ਖੰਡਣ ਕਰਦਾ ਹੈ। ਸ਼ਾਇਦ ਇਸੇ ਲਈ ਤੁਹਾਨੂੰ ਜਚਦਾ ਹੈ। ਰਾਗ ਦਰਬਾਰੀ ਦੀ ਗੱਲ ਮੈਂ ਕਿਥੇ ਲਿਖੀ ਹੈ ? ਦਸੋਗੇ ?

ਮਾਨਵਜੀਤ ਜੀ, ਇਸਦੇ ਫਿਲਮ ਲਈ ਲਿਖੇ ਹੋਣ ਦਾ ਘਾਟਾ ਇਹ ਹੈ ਕਿ ਇਹ ਸੈਂਸਰ ਦੀ ਕੈਂਚੀ ਤੋਂ ਬਚਣ ਲਈ ਤਿੱਖੇ ਜਮਾਤੀ ਸੰਘਰਸ਼ ਦਾ ਜ਼ਿਕਰ ਨਹੀਂ ਕਰਦਾ। ਆਮ ਦਰਸ਼ਕਾਂ ਦੀ ਜਮਾਤੀ ਨਫ਼ਰਤ ਨੂੰ ਖੱਸੀ ਕਰਦਾ ਹੈ ਤੇ ਵਿਅਕਤੀਆਂ ਉਦਾਲੇ ਕੇਂਦਰਤ ਕਰਦਾ ਹੈ। ਹਾਕਮ ਜਮਾਤਾਂ ਵਿਅਕਤੀਆਂ ਤੋਂ ਨਹੀਂ ਚੇਤਨ ਜਮਾਤੀ ਸੰਗਠਨਾਂ ਤੋਂ ਡਰਦੀਆਂ ਹਨ। ਜਮਾਤ ਤੋਂ ਨਿਖੜੇ ਵਿਅਕਤੀ ਨੂੰ ਖਤਮ ਕਰਨਾ ਹਾਕਮ ਜਮਾਤ ਲਈ ਬਹੁਤ ਸੌਖਾ ਹੁੰਦਾ ਹੈ। ਵਿਅਕਤੀ ਦੇ ਖਾਤਮੇ ਨਾਲ ਜਮਾਤ ਸਾਹਸਤਹੀਣ ਹੋ ਜਾਂਦੀ ਹੈ। ਹਾਕਮ ਜਮਾਤ ਦੇ ਚਲਾਕ ਸੇਵਕ ਲੇਖਕ ਜਮਾਤ ਦੀ ਥਾਂ ਵਿਅਕਤੀ ਨੂੰ ਉਭਾਰਕੇ ਦਲਿਤਾਂ ਨੂੰ ਵੀ ਭੁਲੇਖਾ ਪਾ ਦਿੰਦੇ ਹਨ। ਉਸ ਨੂੰ ਮਰਵਾ ਕੇ ਹਾਕਮ ਜਮਾਤ ਦੀ ਸੇਵਾ ਕਰਾ ਦਿੰਦੇ ਹਨ। ਮਨੂੰ ਭੰਡਾਰੀ ਨੇ ਇਹੋ ਕੀਤਾ ਹੈ।

"ਪਹੁੰਚੇ ਹਾਂ ਕਿਸ ਮੁਕਾਮ ਤੇ" ਇਕ ਪਾਸੜ ਤੇ

ਪੰਜਾਬ ਦੀ ਸਥਿਤੀ ਨੂੰ ਗਲਤ ਪੇਸ਼ ਕਰਦਾ ਹੈ। ਕੁਝ ਕਵਿਤਾਵਾਂ ਦੀ ਗੱਲ ਛੱਡੋ, ਮੁੱਖ ਤੇ ਭਾਰੂ ਪ੍ਰਭਾਵ ਇਹੋ ਹੈ। ਸਮਾਜਵਾਦੀ ਸੋਚ ਦੀ ਗੱਲ ਹੀ ਛੱਡੋ, ਸੈਕੂਲਰ ਪੱਖ ਤੋਂ ਵੀ ਇਹ ਦਰੁਸਤ ਨਹੀਂ ਹੈ। —**ਸੁਰਜੀਤ ਗਿੱਲ**

---

## ਸੁਰਜੀਤ ਗਿੱਲ ਦੀ ਗਲਤ ਬਿਆਨੀ

ਸੁਰਜੀਤ ਗਿਲ ਨੇ 'ਪਹੁੰਚੇ ਹਾਂ ਕਿਸ ਮੁਕਾਮ ਤੇ" ਤੇਤਾ ਕਸਦਿਆਂ ਲਿਖਿਆ ਹੈ ਕਿ, "ਕਿਤਾਬ ਵਿਚ ਭਾਰੂ ਉਹ ਕਵੀ ਹਨ ਜਿਨ੍ਹਾਂ ਲਈ ਪੰਜਾਬ ਦਾ ਦੁਖਾਂਤ ਨੀਲਾ ਤਾਰਾ ਐਕਸ਼ਨ ਤੋਂ ਬਾਅਦ ਆਰੰਭ ਹੋਇਆ ਹੈ।...... ਇਹਨਾਂ ਅਖੌਤੀ ਬੁੱਧੀਜੀਵੀਆ ਤੇ ਕਵੀਆਂ ਨੇ ਇਕ ਘੱਸੜ ਫਿਰਕੂ ਸੱਚ ਦਾ ਪ੍ਰਗਟਾਵਾ ਕੀਤਾ ਹੈ।...ਕੀ ਸਮਝਿਆ ਜਾਵੇ ਕਿ ਕੀ ਪਲਸ ਮੰਚ ਵੀ ਏਸੇ ਸੋਚ ਦਾ ਧਾਰਨੀ ਹੈ।"

ਗਿਲ ਸਾਹਿਬ ਨੇ ਜੇ ਕਰ ਕਿਤਾਬ ਪੜ੍ਹ ਕੇ ਵਿਆਖਿਆ ਕੀਤੀ ਹੁੰਦੀ ਤਾਂ ਚੰਗਾ ਹੁੰਦਾ। ਇਸ ਪੁਸਤਕ ਵਿਚ 46 ਕਵਿਤਾਵਾਂ ਹਨ, ਜਿਹਨਾਂ ਵਿਚੋਂ 41 ਕਵਿ-ਤਾਵਾਂ ਦਾ ਵਿਸ਼ਾ ਵਸਤੂ, ਹਰ ਕਿਸਮ ਫਿਰਕੂ ਹਨੇਰੀ ਦੇ ਵਿਰੁਧ. ਵਹਿਸ਼ੀਆਨਾ ਕਤਲਾਂ ਦੇ ਵਿਰੁਧ, ਸੌੜੀ ਸਿਆਸਤ ਵਿਰੁਧ, ਕੇਂਦਰ ਸਰਕਾਰ ਦੀਆਂ ਮੱਕਾਰਾਂ ਵਾਲੀਆਂ ਚਾਲਾਂ ਦੇ ਵਿਰੁਧ, ਅਤੇ ਜਮਾਤੀ ਸੰਘਰਸ਼ਾਂ ਦੇ ਹਕ ਵਿਚ ਅਵਾਜ਼ ਬੁਲੰਦ ਕੀਤੀ ਹੈ। ਸਿਰਫ 5 ਕਵਿਤਾਵਾਂ ਹਨ ਜਿਹਨਾਂ ਵਿਚ ਸੜਕਾਂ, ਸ਼ਹਿਰ ਦਾ ਜ਼ਿਕਰ ਹੈ, ਫੌਜਾਂ ਦੇ ਚੜ੍ਹਨ ਦੀ ਗੱਲ ਹੈ, ਤੇ ਹਰਮੰਦਰ ਸਾਹਿਬ ਦੀ ਸੰਗਮਰਮਰ ਤੇ ਲਾਸ਼ਾਂ ਦੇ ਢੇਰਾਂ ਦਾ ਜ਼ਿਕਰ ਹੈ। ਪਤਾ ਨਹੀਂ ਗਿਲ ਸਾਹਿਬ ਨੂੰ ਇਹ ਪੰਜ ਕਵਿਤਾਵਾਂ ਇਕਤਾਲੀ ਕਵਿਤਾਵਾਂ ਤੇ ਕਿਉਂ ਭਾਰੂ ਲੱਗੀਆਂ। ਇਸ ਵਿਚ ਮੈਨੂੰ ਤਾਂ ਇਹਨਾਂ ਦੀ ਕਾਣਸੂਤੀ ਸੋਚ ਦਾ ਹੀ ਕਸੂਰ ਲੱਗਾ ਹੈ।

ਗਿਲ ਸਾਹਿਬ! "ਤੁਹਾਡੀ ਅਗਾਂਹ ਵਧੂ ਸੋਚ ਅਨੁਸਾਰ ਕੀ, ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਕੁਮਾਰ ਵਿਕਲ, ਫਤਹਿਜੀਤ, ਹਰਭਜਨ ਹੁੰਦਲ, ਗੁਰਦੇਵ ਚੌਹਾਨ, ਪਾਲ ਕੌਰ, ਸੁਖਵੀਰ, ਗੁਰਬਖਸ਼ ਜਸ, ਅਮਰ ਚਿਤਰਕਾਰ ਮੁਹਿੰਦਰ ਰਾਮਪੁਰੀ, ਹਰਭਜਨ ਹਲਵਾਰਵੀ, ਹਮਦਰੁਦਵੀਰ ਨੌਸ਼ਹਿਰਵੀ, ਸੁਰਜੀਤ ਬਰਾੜ, ਰਵਿੰਦਰ ਰਵੀ, ਸੁਲਖਣ ਸਰਹੱਦੀ, ਅਜਮੇਰ ਗਿਲ ਆਦਿ ਦੀਆਂ ਰਚਨਾਵਾਂ ਘਸੜ ਫਿਰਕੂ ਸੋਚ ਵਾਲੀਆਂ ਹਨ? ਕਿੱਡਾ ਖਰਾ ਹੁੰਦਾ ਜੇ ਆਪਣੀ ਸੋਚ ਅਨੁਸਾਰ ਖਰੇ ਕਵੀਆਂ ਦੀਆਂ ਖਰੀਆਂ ਕਵਿਤਾਵਾਂ ਦਾ ਸੰਗ੍ਰਹਿ ਛਪਵਾ ਦਿੰਦੇ ਤਾਂ ਅਸੀਂ ਜ਼ਰੂਰ ਤੁਹਾਡੇ ਏਸ ਉਦਮ ਦੀ ਸ਼ਲਾਘਾ ਕਰਦੇ।

ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਮੈਂ ਪੁਸਤਕ ਵਿਚੋਂ ਕੁਝ ਟੂਕਾਂ ਦੇ ਰਿਹਾ ਹਾਂ।

ਕਦੇ ਕੁਰਾਨ ਸ਼ਰੀਫ ਦੇ ਓਹਲੇ
ਕਤਲੇਆਮ ਕਰਦਾ ਹੈ
ਤੇ ਕਦੀ ਗੁਰੂ ਗਰੰਥ ਸਾਹਿਬ ਦੀ
ਸੰਤੋਖ ਸਿੰਘ ਧੀਰ (ਔਰੰਗਜੇਬ ਬੜਾ ਬਦਮਾਸ਼ ਹੈ ਵਿੱਚ)

ਦੁਖਾਂ ਦੇ ਖਿਲਾਫ ਅਜੇ ਲੜਨਾ
ਭੁਖਾਂ ਦੇ ਖਿਲਾਫ ਅਜੇ ਲੜਨਾ
ਜੋ ਛਾਂ ਦੇ ਬਹਾਨੇ ਖਾ ਜਾਂਦੇ
ਰੁੱਖਾਂ ਦੇ ਖਿਲਾਫ ਅਜੇ ਲੜਨਾ
(ਸੁਰਜੀਤ ਪਾਤਰ (ਪੰਜਾਬ ਕਵਿਤਾ ਵਿੱਚ)

ਸਕੂਲ ਤੋਂ ਕਦੇ ਨਾ ਪਰਤਣ ਵਾਲੀ ਬੱਚੀ ਦੀ
ਮਾਂ ਦੇ ਅਥਰੂਆਂ ਦਾ ਧਰਮ ਨਹੀਂ ਦਸ ਸਕਦਾ
ਜਿਵੇਂ ਜ਼ਖਮੀਆਂ ਦੇ ਜ਼ਖਮਾਂ ਤੇ
ਮਲ੍ਹਮ ਤਾਂ ਲਗ ਸਕਦਾ ਹਾਂ
ਪਰ ਓਹਨਾਂ ਦੀਆਂ ਚੀਕਾਂ ਦਾ
ਮਰਹਮ ਨਹੀਂ ਦਸ ਸਕਦਾ
(ਕੁਮਾਰ ਵਿਕਲ)

ਧਰਮ ਮੇਰਾ ਨਿਰਪਖ ਰਿਸ਼ਤਾ ਹੈ
ਮਾਨੁਖਤਾ ਦੀ ਰਖ ਚਾਹੁੰਦਾ ਹੈ
ਗੋਬਿੰਦ ਮੇਰਾ ਸਭਿ ਵਰਨਾਂ ਦਾ ਸਾਂਝਾ ਹੈ
(ਫਤਿਹ ਜੀਤ)

ਅੱਗ ਤੋਂ ਕਿਸੇ ਨੂੰ ਬਚਾਉਣ ਲਈ
ਅੱਗ ਦਾ ਕੁਝ ਹਿਸਾ ਝਲਣਾ ਪੈਂਦਾ ਹੈ
ਇਹ ਹਿਸਾ ਸਾਡੇ ਹਿਸੇ ਆਉਂਦਾ ਹੈ
ਅੱਜ ਦੀ ਡਰੀ ਹੋਈ ਹਵਾ ਪੁਛਦੀ ਹੈ
ਖੂਨ ਦਾ ਕਿਹੜਾ ਮਜ਼ਹਬ ਹੁੰਦਾ ਹੈ
(ਗੁਰਦੇਵ ਚੌਹਾਨ)

ਇਸ ਨਦੀ ਮੇਂ ਕਾਤਲੋਂ ਨੇ ਹਾਥ ਧੋਏ ਹੈਂ ਜ਼ਰੂਰ
ਅਬ ਤਲਕ ਜਲਤਾ ਥਾ ਸਾਹਿਲ,,
ਅਬ ਨਦੀ ਕਾ ਜਲ ਜਲੇ
(ਸਰਦਾਰ ਪੰਛੀ)

ਸਿਆਸਤ ਦਾ ਸਿਵਾ ਨਹੀਂ ਬਲਦਾ
ਏਥੇ ਚੁਲ੍ਹੇ ਨਹੀਂ ਬਲਦੇ
ਮੈਂ ਕਿਹਨੂੰ ਪੁਛਾਂ ਕਿ
ਲਹੂ ਦੀ ਬਰਸਾਤ ਆਖਰ ਕਦ ਤਕ?
(ਸਵਿਤੋਜ)

ਸੜ ਰਿਹਾ ਪੰਜਾਬ ਮੇਰਾ ਅੱਗ ਨਫਰਤ ਦੀ ਬਲੀ

ਨੀਂਦ ਗੂੜ੍ਹੀ ਸਦਨ ਸੁੱਤਾ, ਚਾਕੂ ਮਦਰਾ ਦੇ ਗਿਲਾਸ
ਚਲ ਮੁਹਿੰਦਰ ਬੈਠ ਕੇ ਇਕਲਾਸ ਦੇ ਓਹਲੇ ਜਹੇ
ਦੇਖੀਏ ਹੁਣ ਹੋਰ ਕਿਸ ਨਿਰਦੋਸ਼ ਦੇ ਪੁਗੇ ਸਵਾਸ

(ਮੁਹਿੰਦਰ ਰਾਮਪੁਰੀ)

ਇਸ ਤੋਂ ਪਹਿਲਾਂ ਕਿ ਪੀਰਾਂ ਫਕੀਰਾਂ ਦੀ ਧਰਤੀ ਨੂੰ
ਰਾਖ ਕਰ ਦੇਵੇ ਜਨੂੰ ਦੀ ਜਵਾਲਾ
ਇਸ ਤੋਂ ਪਹਿਲਾਂ ਕਿ
ਦੋਹਾਂ ਫਿਰਕਿਆਂ ਵਿਚ ਵੰਡ ਦਿੱਤੇ ਜਾਣ
ਤੇਰੇ ਬਵੰਜਾ ਦਰਬਾਰੀ ਕਵੀ

(ਜਗੀਰ ਜੋਸਨ)

ਬਹੁਤ ਸਮੇਂ ਤਕ ਇਸ ਨਗਰੀ ਦੇ
ਲੋਕੀ ਉਲਝੇ ਰਹਿਣਗੇ
ਚਲ ਗਿਆ ਸਮੇਂ ਦਾ ਨਾਰਦ,
ਐਸੀ ਕੋਈ ਚਾਲ ਵੇ ਲਾਲੋ

(ਗੁਰਬਖਸ਼ ਜਸ)

ਮੈਂ ਇਸ ਮੌਸਮ ਨੂੰ ਕੀ ਨਾਂ ਦਿਆਂ
ਜਿਸ ਚ ਉਤੋਂ ਤਾਂ ਸੀਤ ਹਵਾਵਾਂ ਚਲਦੀਆਂ ਨੇ
ਤੇ ਹੇਠੋਂ ਪੈਰ ਸੜਦੇ ਨੇ

(ਪਾਲ ਕੌਰ)

ਢੋਲ ਹਨ, ਲਾਊਡ ਸਪੀਕਰ ਹਨ, ਸ਼ੋਰ ਹੈ
—ਬੰਦੇ ਕਿਥੇ ਚਲੇ ਗਏ
ਧਰਮ ਹਨ, ਪੁਜਾਰੀ ਹਨ, ਚੇਲੇ ਹਨ,
—ਬੰਦੇ ਕਿਥੇ ਚਲੇ ਗਏ
ਨੰਬਰ ਹਨ, ਨਿਸ਼ਾਨ ਹਨ, ਪੋਸਟਮਾਟਮ ਰਪੋਟਾਂ ਹਨ
—ਬੰਦੇ ਕਿਥੇ ਚਲੇ ਗਏ
ਇਕ ਯੁੱਗ ਆਤਮ ਹਤਿਆ ਕਰ ਰਿਹਾ ਹੈ
—ਬੰਦੇ ਕਿਥੇ ਚਲੇ ਗਏ

(ਹਮਦਰਦਵੀਰ ਨੌਸ਼ਹਿਰਵੀ)

ਉਪਰ ਦਿੱਤੀਆਂ ਟੂਕਾਂ ਤੋਂ ਹਰ ਬੰਦਾ ਸਹਿਜੇ ਹੀ ਜਾਣ ਜਾਵੇਗਾ ਕਿ ਇਸ ਸੰਗਰਹਿ ਦੀਆ ਕਵਿਤਾਵਾਂ ਪਿਛਲੇ ਤਿੰਨ ਚਾਰ ਸਾਲ ਦਾ ਲੇਖਾ ਜੋਖਾ ਕਰਦੀਆਂ ਹਨ ਨਾਂ ਕਿ ਸਿਰਫ ਨੀਲਾ ਤਾਰਾ ਐਕਸ਼ਨ ਦੇ ਵਿਰੁਧ ਲਿਖਣਾ, ਕੇਂਦਰ ਦੀ ਸਰਕਾਰ ਨੂੰ ਜ਼ਾਲਮ ਕਹਿਣਾ ਠੀਕ ਨਹੀਂ ? ਕੀ ਨੀਲਾ ਤਾਰਾ ਐਕਸ਼ਨ ਦੀ ਸਲਾਹੁਤਾ ਕਰਨੀ ਚਾਹੀਦੀ ਸੀ ਜਿਸ ਨੇ ਹਰਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਤੇ ਬਾਹਰ ਸੈਂਕੜੇ ਨਿਰਦੋਸ਼ ਲੋਕਾਂ ਦਾ ਖੂਨ ਵਹਾਇਆ ? ਕੀ ਇਹ ਸਾਰਾ ਕੁਝ ਨਿੰਦਣਯੋਗ ਨਹੀਂ ਸੀ ? ਨੀਲਾ ਤਾਰਾ ਐਕਸ਼ਨ ਦੀ ਅਲੋਚਨਾ ਕਰਨ ਤੇ ਜਾਂ ਕੇਂਦਰ ਸਰਕਾਰ ਨੂੰ ਜ਼ਾਲਮ ਕਹਿਣ ਤੇ ਗਿਲ ਸਾਹਿਬ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ। ਲੋਕ ਤਾਂ ਲਿਖਣਗੇ ਅਤੇ ਇਸ ਲੁੱਟੂ ਰਾਜ ਕਰ ਰਹੀ ਜਮਾਤ ਦਾ ਭਾਂਡਾ ਚੁਰਾਹੇ ਭੰਨਣਗੇ।

—ਜੈ ਦੇਵ ਦਿਲਬਰ

## ਆਪਣੜੇ ਗਿਰੇਬਾਨ ਮਹਿ, ਮੂੰਹ ਨੀਵਾਂ ਕਰ ਦੇਖ.

ਐਕਸ਼ਨ ਬਲਿਊ ਸਟਾਰ ਤੋਂ ਪਹਿਲਾਂ ਪੰਜਾਬ ਵਿਚ ਅੱਤਵਾਦ ਅਤੇ ਵੱਖਵਾਦ ਨੇ, 'ਇਕ ਤੋਂ ਇਕ ਵਧ' ਤੱਤੇ ਨਾਹਰੇ ਦੇਂਦੇ ਅਕਾਲੀ ਗੁੱਟਾਂ ਦੀ 'ਸਿਖ ਸਿਆਸਤ' ਹਥੋਂ ਪਹਿਲ ਖੋਹ ਕੇ ਜੁਰਮ ਤੇ ਜਾਸੂਸੀ ਦੇ ਜ਼ੋਰ ਤਿੰਨ ਵਰ੍ਹੇ ਹਫੜਾ-ਦਫੜੀ ਮਚਾਈ ਰੱਖੀ; ਪੁਲਿਸ ਨੂੰ ਤਮਾਸ਼ਬੀਨ ਬਣਾ ਕੇ ਹਿੰਦੂਆਂ ਨੂੰ ਡਰਾਈ ਰੱਖਿਆ।

ਇਸ ਦੇ ਉਤਰ ਵਿਚ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੁੰਦਿਆਂ ਹੀ ਦਿੱਲੀ ਅਤੇ 39 ਹੋਰਨਾਂ ਸ਼ਹਿਰਾਂ ਵਿਚ ਅਖਾਉਤੀ ਸੈਕੂਲਰ ਸਿਆਸਤਦਾਨਾਂ ਅਤੇ ਜ਼ਰਾਇਮ-ਪੇਸ਼ਾ ਨੇ ਹਿੰਦੂ ਫਿਰਕਾ ਪ੍ਰਸਤੀ ਦਾ ਰੋਲ ਅਪਨਾ ਕੇ ਫੁਕਰਿਆਂ ਨੂੰ ਨਾਲ ਲੈ ਕੇ ਲੁੱਟ ਵਿਚ ਪੁਲਿਸ ਨੂੰ ਹਿੱਸਾ-ਪੱਤੀ ਦੇਂਦਿਆਂ ਤਿੰਨ ਦਿਨਾਂ ਵਿਚ ਪੰਜਾਬ ਤੋਂ ਕਈ ਗੁਣਾਂ ਵੱਧ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ।

ਫੇਰ, ਮਾਰਨ-ਲੁੱਟਣ ਤੇ ਲੁਟੀਣ ਵਾਲਿਆਂ ਨੂੰ 'ਕੱਠੇ ਕਰ ਕੇ ਪੀਸ ਮਾਰਚਾਂ ਨਾਲ ਹਾਲਾਤ ਨੂੰ 'ਨਾਰਮਲ' ਕੀਤਾ ਗਿਆ। ਲਗਦੇ ਹੱਥ ਹਿੰਦੂ ਫਿਰਕਾ ਪ੍ਰਸਤੀ ਹਥੋਂ ਪਹਿਲ ਖੋਹਣ ਨਾਲ ਲੋਕ ਸਭਾ ਅਤੇ ਕਈ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਜਿੱਤੀਆਂ ਗਈਆਂ। ਦੁਵੱਲੀਂ ਸਗੋਂ ਤਿੰਨਾਂ ਪਾਸਿਆਂ ਤੋਂ (ਨਾ ਚਾਹੁੰਦਿਆ) ਜਦ ਹਾਲਾਤ ਨਾਰਮਲ ਹੋਏ ਜਾਪਦੇ ਹਨ ਤਾਂ ਲੋੜ ਹੈ ਕਿ ਸਭ ਕੁਝ ਬਾਰੇ ਆਰਥਕ ਸਮਾਜਕ ਤੇ ਰਾਜਨੀਤਕ ਲੇਖਾ-ਜੋਖਾ ਕੀਤਾ ਜਾਏ—ਮਨਾਂ ਵਿਚ ਕੰਘੀ ਮਾਰੀ ਜਾਏ !

**ਸਰਬੱਤ ਧਰਮਾਂ ਪ੍ਰਥਾਇ** :—ਸਦੀਆਂ ਤੋਂ ਮਨੁਖ ਨੂੰ ਮੁਕਤੀ, ਬਹਿਸ਼ਤ ਅਤੇ ਗਿਆਨ ਦੇਣ ਦੇ ਠੇਕੇਦਾਰ ਧਰਮਾਂ- ਮਜ਼ਬਾਂ ਨੂੰ ਅਕਲ ਦੀ ਲੋੜ ਹੈ। ਕੁਝ ਪ੍ਰਸ਼ਨ ਹਨ !—

ਕੀ ਧਰਮ ਨੇ ਮਨੁਖ ਬਣਾਇਆ ਹੈ ਜਾਂ ਮਨੁਖ ਨੇ ਧਰਮ ਨੂੰ ?

ਜੇ ਮਨੁਖ ਨੇ ਧਰਮ ਨੂੰ ਸਿਰਜਿਆ ਹੈ ਤਾਂ ਕੀ ਮਨੁਖ ਧਰਮ ਲਈ ਹੈ ਜਾਂ ਧਰਮ ਮਨੁਖ ਲਈ ?

ਅੱਜ ਦਿਓ ਧਰਮੋ ! ਤੁਸੀਂ ਨਾਂ ਆਦੀ ਹੋ ਨਾ ਅਨਾਦੀ। ਤੁਹਾਡੇ ਤੋਂ ਪਹਿਲਾਂ ਵੀ ਵਿਸ਼ਵਾਸ ਜਾਂ ਧਾਰਮਿਕਤਾ ਸਨ ਜਿਹੜੇ ਸਦੀਆਂ ਰਹੇ ਪਰ ਸਮੇਂ ਦੇ

ਮਨੁਖ ਅਤੇ ਗਿਆਨ ਦਾ ਸਾਥ ਨਾ ਦੇਣ ਕਰਕੇ, ਤੁਹਾਥੋਂ ਕੁਫਰ ਅਤੇ ਅੰਧਕਾਰ ਅਖਵਾ ਕੇ ਆਪਣੀ ਅਉਧ ਪੁਗਾ ਗਏ। ਤੁਹਾਨੂੰ ਆਪਣੀ ਥਾਂ ਦੇ ਗਏ।

ਹੇ ਸਮਕਾਲੀ ਧਰਮੋਂ ! ਤੁਹਾਡੀਆਂ ਸਿਖਿਆ ਕਲਮੇ ਕਲਾਮ ਤੇ ਬਾਣੀਆਂ ਵੀ ਧੁਰੋਂ ਨਹੀਂ ਆਈਆਂ—

ਇਥੇ ਬਣੀਆਂ ਤੇ ਵਿਕਸੀਆਂ ਹਨ। ਤੁਸਾਂ ਬਸ ਆਤਣੇ ਮੁਢ ਵਿਚ ਹੀ ਮਨੁਖ ਦਾ ਸਾਥ ਦਿਤਾ ਸੀ। ਉਦੋਂ ਤੁਸੀਂ ਹਰ ਮੈਦਾਨ ਮਨੁਖ ਦਾ ਪ੍ਰੇਰਨਾ ਸਰੋਤ ਬਣੇ। ਪਰ ਰਸਮੀਅਤ, ਮਰਯਾਦਾ ਵਿਚ ਬੱਝ ਕੇ ਜਿੰਨਾਂ ਕੁ ਤੁਸਾਂ ਮੁਲਾਣਿਆ, ਪੁਜਾਰੀਆਂ-ਗ੍ਰੰਥੀਆਂ ਦਾ ਘਰ ਭਰਿਆ, ਰਾਜਿਆਂ ਜਰਵਾਣਿਆਂ ਦਾ ਸਾਥ ਦਿਤਾ ਓਨੇਂ ਹੀ ਤੁਸੀਂ ਬੇ-ਅਰਥ ਹੋ ਚੁਕੇ ਹੋ-ਉਮਰ ਵਿਹਾ ਚੁਕੇ ਹੋ।

ਜੇ ਰੱਬ ਇਕ ਹੈ ਅਤੇ ਸਭ ਨੂੰ ਇਕੋ ਤਰਾਂ ਪੈਦਾ ਕਰਦਾ ਤੇ ਵੇਖਦਾ ਹੈ ਤਾਂ ਉਹ ਫੇਰ ਸ਼ੈਤਾਨ ਹੋਵੇਗਾ— ਜੋ ਕਹਿੰਦੇ ਹਨ—ਜੰਮਦਿਆਂ ਹੀ ਆਦਮ ਦੇ ਕੰਨ ਵਿਚ ਫੂਕ ਮਾਰਦਾ ਹੈ ਕਿ : 'ਤੇਰੇ ਜਿਹਾ ਕੇਵਲ ਤੂੰ ਹੈਂ।'

ਓਏ ਮਜ਼੍ਹਬੋ !, ਤੁਸੀ ਰੱਬੀ ਹੋ ਕਿ ਸ਼ੈਤਾਨੀ— ਜੋ ਤੁਸੀ ਆਪਣੇ ਪਿਛਲੱਗਾਂ ਦੇ ਕੰਨ ਵਿਚ ਇਹ ਫੂਕ ਮਾਰਦੇ ਹੋ ਕਿ : "ਤੇਰਾ ਧਰਮ ਸਭਨਾਂ ਮਜ਼੍ਹਬਾਂ ਤੋਂ ਵਖਰਾ ਤੇ ਉੱਚਾ ਹੈ—ਇਸ ਜਿਹਾ ਹੋਰ ਕੋਈ ਨਹੀਂ।"

ਅਸਲ ਵਿਚ ਨਾਸਤਕ ਤੇ ਕਾਫਰ ਤੁਸੀ ਹੋ ਜੋ ਗਲਾਂ ਅਦਿੱਖ ਰੂਹਾਨੀ ਹਸਤੀ ਦੀਆਂ ਕਰਦੇ ਹੋ ਪਰ ਮਾਇਆ ਦੀ ਮਾਦਾ ਪ੍ਰਸ਼ਤੀ ਦੇ ਹੇਠ ਵਗਦੇ ਹੋ !

**ਸਮਾਜ ਜੀ ਸੁਣੋ :**

ਤੁਸੀ ਵਿਅਕਤੀ ਦੇ ਸਮੁੱਚ ਹੋ। ਭਾਰਤ ਦਾ ਹਰ ਵਿਅਕਤੀ; ਹਰ 'ਮੈਂ' ਜਦੋਂ ਆਪਣੀ ਬੁੱਕਲ ਵਿਚ ਮੂੰਹ; ਪਾਉਂਦਾ ਹੈ ਤਾਂ ਉਹ ਪੁੱਛਦਾ ਹੈ : ਕਿਸ ਧਰਮ ; ਕਿਸ ਪਾਰਟੀ; ਕਿਸ ਯੂਨੀਵਰਸਿਟੀ, ਕਿੰਨੇ ਮਾਪਿਆਂ ਨੇ ਪਿਛਲੇ ਪੌਣੇ ਚਾਰ ਦਹਾਕਿਆਂ ਵਿਚ ਇਹ ਸਿਖਾਇਆ ਹੈ ਕਿ, "ਸਭ ਤੋਂ ਪਹਿਲਾਂ ਮੈਂ ਇਨਸਾਨ ਹਾਂ—ਮਗਰੋਂ ਹਿੰਦੂ, ਮੁਸਲਮਾਨ, ਸਿਖ, ਈਸਾਈ ਜਾਂ ਕੁਝ ਹੋਰ ਹਾ ?"

ਭਾਰਤੀ ਦੇਸ਼ ਭਗਤੀ ਸਾਹਮਣੇ ਦੋ ਰਾਹ ਆਏ। ਪਹਿਲਾਂ ਲਾਲਾ ਹਰਦਿਆਲ (ਵਿਵੇਕਾ ਨੰਦ ਜਾਂ ਇਕਬਾਲ) ਵਾਲਾ, ਜੋ ਦਸਦਾ ਸੀ : ਧਰਮ ਮਨੁਖ ਦਾ ਨਿਜੀ ਮਾਮਲਾ-ਮਸਲਾ ਹੈ। ਜਿਸ ਦਾ ਅਰਥ ਹੈ ਧਰਮ, ਰਾਜਨੀਤੀ ਤੋਂ ਵਖ ਹੈ; ਵਖ ਰਖੋ।

ਅੰਗਰੇਜ਼ ਸਾਮਰਾਜੀਏ ਕਿਉਂਕਿ ਧਾਰਮਿਕ ਵਖ-ਰੇਵਿਆਂ ਨੂੰ ਹਵਾ ਦੇ ਕੇ ਮਜ਼੍ਹਬੀ ਜ਼ਨੂੰਨ ਵਧਾਉਂਦੇ ਸਨ; ਹਿੰਦੂ; ਮੁਸਲਮਾਨ; ਸਿਖ ਲੀਡਰਾਂ ਨੂੰ ਚੁੱਕਦੇ ਸਨ। ਇਸ ਲਈ ਵੱਖ ਵੱਖ ਧਾਰਮਿਕ ਘੱਟ ਅਤੇ ਵਧ ਗਿਣਤੀਆਂ ਨੂੰ ਨਾਲ ਲੈਣ ਲਈ ਮਹਾਤਮਾਂ ਗਾਂਧੀ ਨੇ ਪਿਆਰ-ਪੁਚਕਾਰਨ ਵਾਲਾ ਰਾਹ ਇਹ ਕਹਿ ਕੇ ਅਪਨਾਇਆ :

"ਮੈਂ ਭਗਵਾਨ ਦੇ ਨਾਮ ਬਿਨਾਂ ਜਿਉ ਨਹੀਂ ਸਕਦਾ ਪਰ ਜੇ ਕੋਈ ਮੈਨੂੰ ਜ਼ੋਰੀਂ ਉਸਦਾ ਨਾਂ ਜਪਾਵੇ ਤਾਂ ਇਨਕਾਰ ਕਰ ਦਿਆਂ।"

ਇਸ ਸ਼ਾਬਦਿਕ ਜਾਦੂਗਰੀ ਨੂੰ ਕਾਂਗਰਸ ਨੇ ਹਰ ਧਰਮ ਨੂੰ ਧਿਆਕੇ, ਗੁਰਦੁਆਰੇ, ਮੰਦਰ ਤੇ ਮਸੀਤ ਵਿਚ ਮੱਥੇ-ਗੋਡੇ ਘਸਾ ਕੇ ਅਤੇ ਹਰ ਦੇਵੀ-ਦਿਉ ਮਨਾ ਕੇ ਲੋਕਾਂ ਦੇ ਦਿਲ ਜਿੱਤਣ ਅਤੇ ਵੋਟਾਂ ਮੁੱਛਣ ਦਾ ਢੰਗ ਅਪਨਾ ਲਿਆ। ਸਾਡੀ ਸੈਕੂਲਰਿਜ਼ਮ ਨੂੰ ਕਦੇ ਅਕਲ ਨਹੀਂ ਆਈ ਕਿ ਰਾਜ ਸੱਤਾ ਦਾ ਕਿਸੇ ਧਰਮ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਰ ਉਸਨੇ ਹਰ ਮਜ਼੍ਹਬ ਨੂੰ ਇਕ ਵਖਰੀ ਸ਼ਰਾਬ ਸਮਝ ਕੇ "ਸਭ ਧਰਮਾਂ ਦੇ ਕਾਕਟੇਲ" ਦਾ ਚਸਕਾ ਭਾਰਤੀ ਪਰਜਾ ਤੰਤਰ ਨੂੰ ਪਾ ਦਿੱਤਾ।

ਰੀਸੋ ਰੀਸੀ ਸਭ ਕਹਿੰਦੀਆਂ-ਕਹਾਉਂਦੀਆਂ ਪਾਰਟੀਆਂ ਨਾ ਸਿਧਾਂਤ ਸਾਹਮਣੇ ਰਖਦੀਆਂ ਹਨ ਨਾ ਚੰਗਾ ਵਰਕਰ—ਸਗੋਂ ਚੋਣ ਹਲਕੇ ਵਿਚ ਧਾਰਮਿਕ ਬਹੁ-ਗਿਣਤੀ ਜਾਂ ਜਾਤ-ਪਾਤ ਦੇ ਹਿਸਾਬ-ਕਿਤਾਬ ਅਨੁਸਾਰ ਸਿਰੜੀ ਵਰਕਰ ਦੀ ਥਾਂ 'ਲੁੱਚਾ ਸਭ ਤੋਂ ਉੱਚਾ' ਨੂੰ ਹੀ ਚੋਣ-ਉਮੀਦਵਾਰ ਖੜਾ ਕਰਦੀਆਂ ਹਨ। ਫੇਰ ਰਲ-ਮਿਲ ਕੇ ਜਾਂ ਭੀਤੇ ਭੀਤ ਕਹਿੰਦੀਆਂ ਹਨ ਕਿ ਕੌਮ ਦਾ ਇਖ-ਲਾਕ ਨਹੀਂ। ਜਿਹੋ ਜਹੀਆਂ ਇਹ ਬੁਰਜੂਆ ਪਾਰਟੀਆਂ ਦੇਸ਼ ਭਗਤ ਹਨ ਉਹੋ ਜਹੀਆਂ ਇਹ ਸੈਕੂਲਰ ਹਨ। ਜਿਵੇਂ ਹਿੰਦੂ ਸੈਕੂਲਰ, ਮੁਸਲਿਮ ਸੈਕੂਲਰ, ਸਿਖ ਸੈਕੂਲਰ। ਹੇ ਸਤਨਾਜਾ ਸੈਕੂਲਰਿਜ਼ਮ, ਤੇਰੀ ਰੀਸੇ ਸਭ ਧਰਮਾਂ ਦੇ ਫਿਰਕਾ ਪ੍ਰਸਤ ਵੀ ਅਜਿਹੇ ਸੈਕੂਲਰ ਰਾਜ ਦੇ ਸੁਪਨੇ ਲੈਂਦੇ ਹਨ ਜਿਸ ਵਿਚ ਹਿੰਦੂ ਮੁਖ ਧਾਰਾ ਹੋਣ, ਇਸਲਾਮੀ ਅਰੂਜ ਹੋਵੇ ਜਾਂ ਸਿਖਾਂ ਦਾ ਬੋਲ-ਬਾਲਾ ਹੋਵੇ।

**ਖਾਲਿਸਤਾਨੀ ਫਿਰਕਾ ਪ੍ਰਸਤੀ ਨੂੰ :**—ਜਦੋਂ ਦੇਸ਼ ਗੁਲਾਮ ਸੀ ਤਾਂ ਤੇਰਾ ਨਾਂ ਸਿਖ ਸਿਆਸਤ ਸੀ। ਗੁਲਾਮ ਦਾ ਧਰਮ ਆਜ਼ਾਦੀ ਹੀ ਹੁੰਦਾ ਹੈ।

ਇਸੇ ਲਈ ਤੂੰ ਕੌਮ ਪ੍ਰਸਤ ਵੀ ਬਣੀ ਰਹੀ ਅਤੇ ਅੰਗਰੇਜ਼ ਹਾਕਮਾਂ ਦੀ ਭਾੜੇ ਦੀ ਫੌਜ ਅਤੇ ਨੌਕਰੀ ਚਾਕਰੀ ਵਿਚ ਸਿਖਾਂ ਦੀ ਭਰਤੀ ਵੀ ਕਰਾਈ। ਤੂੰ ਆਪਣਾ ਇਤਿ-ਹਾਸ ਵੀ ਬਹੁਤਾ ਉਹੋ ਪੜ੍ਹਿਆ ਜੋ ਅੰਗਰੇਜ਼ਾਂ ਨੇ ਪੜ੍ਹਾ-ਇਆ ਅਤੇ ਅੰਗਰੇਜ਼ਾਂ ਨੂੰ ਵਾਰਾ ਖਾਂਦੀ ਗੁਰਬਾਣੀ ਦੀ ਇਤਿਹਾਸਿਕ-ਮਿਥਿਹਾਸਕ ਵਿਆਖਿਆ ਪੜ੍ਹੀ। ਕਦੇ ਪੰਜਾਬ ਨੂੰ ਸਿਖ ਸਮਝਿਆ ਕਦੇ ਸਿੱਖੀ ਨੂੰ ਪੰਜਾਬੀਅਤ ਜਾਣਿਆ। ਆਜ਼ਾਦੀ ਤੋਂ ਮਗਰੋਂ ਸਿਖ ਸਿਆਸਤ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਦ ਅਤੇ ਕੇਂਦਰੀ ਮੰਤ੍ਰਾਲਿਆਂ ਦੇ ਪਿਛਲੇ ਬੂਹੇ ਵਾਂਗ ਵਰਤਿਆ। ਜਦੋਂ ਵਜ਼ਾਰਤ ਹੱਥੋਂ ਜਾਂਦੀ ਅਤੇ

ਆਪਸੀ ਫੁੱਟ ਵਧਦੀ ਤਾਂ ਨਵਾਂ ਮੋਰਚਾ ਲਾ ਕੇ ਆਪਸੀ ਜਿੱਤਮ-ਜਿੱਤੀ ਵਿਚ ਇਕ ਦੂਜੇ ਤੋਂ ਵਧ ਤੱਤੇ ਨਾਹਰੇ ਦੇ ਕੇ ਤੇਰੇ ਹਰ ਗੁੱਟ ਨੇ ਪਾਰਟੀ ਅੰਦਰਲੀ ਸਰਦਾਰੀ ਦੀ ਜ਼ਮੀਨ ਵੀ ਬਣਾਈ ਅਤੇ ਪਹਿਲਾਂ ਤੋਂ ਵੱਧ ਧਾਰਮਿਕ ਵਿਤਕਰੇ ਅਤੇ ਤਅਸਬ-ਨਫ਼ਰਤ ਵਧਾਏ। ਆਜ਼ਾਦੀ ਤੋਂ ਮਗਰੋਂ ਕਹਿੰਦੀ ਤਾਂ ਤੂੰ ਇਹ ਰਹੀ ਕਿ 'ਧਰਮ, ਸਿਆਸਤ ਤੋਂ ਵੱਖ ਨਹੀਂ' ਪਰ ਅਮਲ ਵਿਚ ਆਪਣੀ ਸਿਆਸਤ ਦੁਆਲੇ ਸਿੱਖੀ ਨੂੰ ਘੁੰਮਾਉਂਦੀ ਰਹੀ।

ਪੰਜਾਬ ਵਿਚ ਧਾਰਮਿਕ ਮੋਰਚੇਬਾਜ਼ੀ ਨਾਲ ਤਾਂ ਪਤਾ ਨਹੀਂ ਤੂੰ ਕਿੰਨਾ ਕੁ ਖਾਲਿਸਤਾਨ ਬਣਾਇਆ, ਕਿੰਨਾ ਕੁ ਹਿੰਦੂ ਧਰਕਾਇਆ ਹੈ ਕਿ ਨਹੀਂ—ਪਰ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਦੇ ਬਦਲੇ ਦਾ ਪੱਜ ਪਾ ਕੇ ਸਿੱਖਾਂ ਵਿਰੁੱਧ ਪੰਜਾਬ ਤੋਂ ਬਾਹਰ ਪੂਰੇ ਭਾਰਤ ਵਿਚ ਵਸਦੇ ਸਿੱਖਾਂ ਨੂੰ ਪੇਸ਼ੇਵਰ ਸੈਕੂਲਰਿਜ਼ਮ ਤੋਂ ਲੈ ਕੇ ਹਿੰਦੂ ਫਿਰਕਾ ਪ੍ਰਸਤੀ ਤਕ, ਰਾਜਨੀਤਕ ਬੰਧਕ ਅਤੇ ਧਰਗ-ਮਾਲ ਬਣਾ ਦਿੱਤਾ ਹੈ—ਸਿੱਖਾਂ ਦੀ ਹੇਠੀ ਕਰਵਾਈ ਹੈ। ਪੰਜਾਬ ਨਾਲੋਂ ਬਹੁਤੇ ਬਾਹਰ ਵਸਦੇ ਸਿਖਾਂ ਦੀ ਜਾਇਦਾਦ ਅਤੇ ਕਾਰ-ਰੁਜ਼ਗਾਰ ਨੂੰ ਘੱਟੇ-ਕੌਡੀ ਰਲਾਉਣ ਅਤੇ ਸਿਖ ਤੇ ਪੰਜਾਬੀ ਇਜ਼ਤ-ਅਬਰੂ ਨੂੰ ਰੋਲਣ ਦੀ ਥਾਂ ਜ਼ਿਮੇਵਾਰੀ ਤੇਰੀ ਵੀ ਹੈ।

**ਹਿੰਦੂ ਰਾਸ਼ਟਰੀਅਤਾ ਨੂੰ :** ਅਨੂਪਮ ਭਾਰਤੀ ਵੇਦ-ਵੇਦਾਂਤਾਂ ਤੇ ਸ਼ਾਸਤ੍ਰਾਂ ਤੋਂ ਪਥ-ਭ੍ਰਸ਼ਟ ਹਿੰਦੂ ਰਾਸ਼ਟਰਵਾਦ! ਇਤਿਹਾਸ ਗਵਾਹ ਹੈ, ਤੈਨੂੰ ਵੀ ਪਤਾ ਹੈ ਕਿ ਤੂੰ ਕਿੰਨਾ ਕੁ ਹਿੰਦੂ ਹੈਂ ਤੇ ਕਿੰਨਾ ਕੁ ਮਾਨਵ-ਵਾਦੀ! ਜਿਵੇਂ ਤੇਰੀ ਆਤਮਾ ਵਿਚ ਜ਼ਾਤ-ਪਾਤ ਤੇ ਛੂਤ-ਛਾਤ ਵੱਸੀ ਹੋਈ ਹੈ; ਪਰ ਤੇਰੇ ਮੂੰਹ ਵਿਚ ਧਰਮ ਦਾ ਅਰਥ 'ਫਰਜ਼-ਕਰਤੱਵ' ਹੈ ਬਿਲਕੁਲ ਉਂਜ ਹੀ ਤੂੰ ਜੈਨੀ-ਬੋਧੀ ਅਨੀਸ਼ਵਰਵਾਦ, ਚਾਰਵਾਕ ਤੇ ਸਾਂਖ ਦੇ ਪਦਾਰਥਵਾਦ, ਕਨਾਦ ਦੇ ਪ੍ਰਮਾਣੂ-ਵਾਦ, ਬ੍ਰਿਹਸਪਤ ਅਤੇ ਸਿਆਦਵਾਦ ਦੇ ਦਵੰਦਵਾਦ ਨੂੰ ਜਾਣ ਬੁਝਕੇ ਭੁੱਲ-ਭੁਲਾ ਕੇ ਕੇਵਲ ਯਾਗਯਵਲਕਿਯ ਦੇ ਯੱਗਵਾਦ ਤੋਂ ਲੈ ਕੇ ਹਰ ਪ੍ਰਕਾਰ ਦੀ ਮਰਯਾਦਾ ਤੇ ਕੂਪ-ਮੰਡੂਕਵਾਦ ਨੂੰ ਹਿੰਦੂ ਧਰਮ ਦਰਸਾਈ ਜਾ ਰਹੀ ਹੈਂ।

ਸਾਰੀ ਦੁਨੀਆਂ ਦੇ ਧਰਮਾਂ ਅਤੇ ਧਰਮ ਦੀ ਪ੍ਰਗਦੀ ਅਉਧ ਨੂੰ ਭੁਲ-ਭੁਲਾ ਕੇ ਬਹੁ-ਗਿਣਤੀ ਦੇ ਅਹਿਸਾਸ-ਹੰਕਾਰ ਨੂੰ ਹਵਾ ਦੇਣ ਉਪਰ ਤੇਰੀ ਸਾਰੀ ਰਾਜਨੀਤੀ ਖੜੀ ਹੈ। ਇਸੇ ਰਾਜਨੀਤੀ ਅਨੁਸਾਰ ਜਿਵੇਂ ਤੂੰ ਅਖਬਾਰਾਂ ਤੇ ਧਰਮ ਸਥਾਨਾਂ ਰਾਹੀਂ ਸਾਂਝੇ ਪੰਜਾਬ ਵਿਚ ਪਾਕਿਸਤਾਨ ਦੀ ਹਵਾ ਬਣਾਈ ਸੀ, ਉਸੇ ਤਰ੍ਹਾਂ ਤੂੰ, ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਸਿਖਾਂ ਦੇ ਗਲ ਮੜ੍ਹ ਕੇ, ਉਪਰੋਂ-ਉਪਰੋਂ ਸਿਖਾਂ ਦੇ ਗਲਬੇ ਜਾਂ ਬਗ਼ਾਵਤ ਦਾ ਰੌਲਾ ਪਾਉਂਦੀ ਰਹੀ ਪਰ ਅਮਲ ਵਿਚ ਪੰਜਾਬ ਦੇ ਰਾਜਨੀਤਕ ਪਿੜ ਅਤੇ ਵਜ਼ਾਰਤ ਵਿਚ ਸਦਾਂ ਹੀ ਸਿਖ ਫਿਰਕਾ ਪ੍ਰਸਤੀ ਦੀ ਭਿਆਲ ਰਹੀ ਹੈਂ।

ਤੂੰ ਹੀ ਸੈਂ, ਜਿਸ ਸਵਰਨ ਮੰਦਰ ਤੇ ਹੋਰ ਗੁਰੂ ਧਾਮਾਂ ਉਪਰ ਫੌਜੀ ਐਕਸ਼ਨ ਦੀ ਮੰਗ ਕੀਤੀ ਸੀ ਅਤੇ ਤੂੰ ਹੀ ਐਕਸ਼ਨ ਬਲਿਊ ਸਟਾਰ ਤੋਂ ਮਗਰੋਂ ਧਰਮ-ਵਿਰੋਧਣ ਕਾਂਗਰਸ ਦੀਆਂ ਵਧੀਕੀਆਂ ਬਾਰੇ ਬਿਆਨਬਾਜ਼ੀ ਕੀਤੀ—ਹਿੰਦੂਆਂ ਵਿਚ ਆਪਣਾ ਵੋਟ-ਬੈਂਕ ਪੱਕਾ ਰੱਖਿਆ।

ਤੂੰ ਹੀ ਹੈ ਜਿਸਨੇ ਭਾਰਤੀ ਪਰਜਾਤੰਤਰ ਦੇ ਬੈਲਟ-ਬਕਸ ਨੂੰ ਫਿਰਕਾ ਪ੍ਰਸਤੀ ਦੀਆਂ ਲੀਹਾਂ ਉਪਰ ਤੋਰ ਕੇ ਜਾਤ-ਗੋਤ ਉਪਰ ਚੋਣਾਂ ਲੜਨ ਅਤੇ ਰਾਜਨੀਤੀ ਨੂੰ ਚਲਾਉਣ ਦੀ ਪ੍ਰਿਤ ਪਾਈ ਹੈ।

## ਸੁਣ ਨੀ ਸੁਰਖ ਲਹਿਰੇ :

ਕਿਤੇ ਦਵੰਦਵਾਦੀ ਭੌਤਿਕਵਾਦੀ ਨਾਸਤਕਤਾ ਦਾ ਝੰਡਾ ਚੁਕ ਕੇ ਧਰਮ ਨੂੰ ਅਫੀਮ ਕਹਿਣਾ ਅਤੇ ਕਿਥੇ ਬੈਲਟ ਬਕਸ ਦੀਆਂ ਮਸਲਿਹਤਾਂ ਨੂੰ ਮੁਖ ਰੱਖ ਕੇ ਧਰਮ ਦੇ ਹੋਏ-ਬੀਤੇ ਦੀਆਂ ਮਿਸਾਲਾਂ ਦੇ ਕੇ ਇਸਨੂੰ ਲੋਕ ਹਿਤੈਸ਼ੀ, ਇਨਕਲਾਬੀ ਤੇ ਸੁੱਧਾ ਮਾਰਕਸਵਾਦ ਦੱਸਣਾ! ਕਿੱਥੇ ਬੁਨਿਆਦੀ ਸਿਧਾਂਤ ਅਨੁਸਾਰ ਨੀਤੀ ਬਨਾਉਣੀ ਅਤੇ ਸੱਚ ਦਾ ਪਹਿਰਾ ਦੇਣਾ ਅਤੇ ਕਿਥੇ ਰਾਜਨੀਤਕ ਲੋੜਾਂ ਅਨੁਸਾਰ ਸਿਧਾਂਤ ਘੱਟਣੇ। ਜਿਵੇਂ ਅੱਕਾਂ ਵਿਚੋਂ ਕਿਸੇ ਅੰਬ ਨਹੀਂ ਲਾਹ ਚੂਪੇ, ਉਂਜ ਹੀ ਧਰਮ ਵਿਚੋਂ ਰੀਤ-ਮਰਯਾਦਾ ਅਤੇ ਦੰਭ ਤੋਂ ਪਾਕ ਕਰਕੇ ਇਸਨੂੰ ਇਨਕਲਾਬੀ ਨਹੀਂ ਬਣਾਇਆ ਜਾ ਸਕਦਾ।

ਜੇ ਤੇਰੇ ਮਨ ਵਿਚ ਇਹ ਖ਼ਿਆਲ ਹੋਵੇ ਕਿ ਬੁਰਜੁਆਜ਼ੀ ਅੰਦਰ ਪਈਆਂ ਧਾਰਮਿਕ ਤਰੇੜਾਂ ਵਿਚੋਂ ਹੀ ਇਨਕਲਾਬ ਫੁੱਟੇਗਾ ਤਾਂ ਇਹ ਤੇਰਾ ਸਿਧਾਂਤ ਤੋਂ ਬੇ-ਹਥਿਆਰ ਹੋ ਕੇ ਨਿਪੁੰਸਕਤਾ ਨੂੰ ਸੱਦਾ ਦੇਣਾ ਹੈ। ਤੇਰਾ ਕਰਤਵ ਬਣਦਾ ਹੈ ਕਿ ਬੁਰਜੁਆਜ਼ੀ ਉਪਰ ਚਾਂਦਮਾਰੀ ਕਰੀ ਜਾਹ ਤੇ ਨਾਲ ਹੀ ਅਉਧ ਪੁਗਾ ਚੁਕੀਆਂ ਮਾਇਆ-ਧਾਰੀ ਮਜ਼ਬੀ ਕਦਰਾਂ ਕੀਮਤਾਂ ਨੂੰ ਵੀ ਅਲਫ-ਨੰਗਾ ਕਰੀ ਚੱਲ। ਇਨ੍ਹਾਂ ਨੂੰ ਦੋ ਦੁਸ਼ਮਨ ਨਾ ਸਮਝ, ਸਗੋਂ ਇਕੋ ਦੁਸ਼ਮਨ ਦੇ ਦੋ ਮੋਰਚੇ ਸਮਝ। ਰਾਜਨੀਤੀ ਵਿਚ ਦਾਅ-ਪੇਚੀ ਰਵਾਦਾਰੀ ਹੋਰ ਚੀਜ਼ ਹੈ ਅਤੇ ਰਾਜਨੀਤਕ ਰਵਾ-ਦਾਰੀ ਵਿਚ ਆਪਣਾ ਅਸੂਲ ਛੱਡ ਦੇਣਾ ਹੋਰ ਚੀਜ਼!

## ਪਰਜਾਤੰਤਰ ਧਿਆਨ ਦੇਵੇ

ਤੂੰ ਇਕ ਰਾਜਨੀਤਕ ਪਾਰਟੀ ਨਹੀਂ—ਬਹੁਤੀਆਂ ਪਾਰਟੀਆਂ ਵਿਚ ਰਮਿਆ ਇਕ ਰਾਜਨੀਤਕ ਵਿਚਾਰ ਜਾਂ ਆਦਰਸ਼ ਵੀ ਹੈ ਤੇ ਫ਼ੈਸ਼ਨ ਵੀ।

ਕਹਿਕੇ ਅਮਲ ਤੂੰ ਕਿੰਨਾਂ ਕੁ ਕਰਦਾ ਹੈਂ, ਉਹ ਸਭ ਜਾਣਦੇ ਹਨ। ਪਰ ਵਰਤਮਾਨ ਵਿਚ ਰਾਜ ਪ੍ਰਬੰਧ

ਦਾ ਠੀਕ ਬੁਰਜੁਆ ਸਿਧਾਂਤ ਤੇਰੇ ਕੋਲ ਹੈ।

ਤੇਰਾ ਮੁਖ ਕੰਮ ਲੋਕਾਂ ਨੂੰ ਆਪਣੇ ਪਾਰਟੀ ਸਿਧਾਂਤ ਅਨੁਸਾਰ ਜਾਗ੍ਰਿਤ ਕਰਨਾ ਹੈ। ਪਰ ਚੋਣਾਂ ਸਮੇਂ ਬੈਲਟ ਬਕਸ ਆਪਣੇ ਵੋਟਾਂ ਨਾਲ ਭਰਨ ਦੇ ਵਿਚ ਤੂੰ ਜਾਗ੍ਰਤੀ ਤੇ ਅਗਵਾਈ ਦੇਣ ਦਾ ਕੰਮ ਛੱਡ ਕੇ ਉਹਨਾਂ ਦੇ ਭਰਮਾਂ ਬਾਰੇ ਚੁੱਪ ਹੈ, ਜਿਹੜੇ ਭਰਮ ਫ਼ਿਰਕਾ-ਪ੍ਰਸਤੀ ਤੇ ਘਾਊ ਘੱਪ ਰਾਜਨੀਤੀ ਲੋਕਾਂ ਅੰਦਰ ਬੀਜ ਦੇਂਦੀ ਹੈ। ਇਸੇ ਲਈ ਜਿਸ ਵੀ ਪਾਰਟੀ ਅੰਦਰ ਤੂੰ ਹੈਂ, ਉਸੇ ਦੀ ਕੰਮ ਚਲਾਊ, ਡੰਗ ਟਪਾਊ ਤੇ ਮੌਕਾ-ਪ੍ਰਸਤ ਨੀਤੀ ਨੂੰ ਸਿਧਾਂਤ ਸਮਝ ਕੇ ਲਾਈ-ਲਗ ਬਣਿਆ ਹੈਂ।

ਇਸੇ ਲਈ ਤੇਰੀ ਪਾਰਟੀ ਅੰਦਰ ਕਦਾਂ, ਹੱਡ-ਭੰਨ ਤੇ ਸੁਹਿਰਦ ਵਰਕਰ ਦੀ ਨਹੀਂ, ਭੈੜੇ-ਚੰਗੇ ਢੰਗ ਨਾਲ ਲੋਕਾਂ ਅੰਦਰ ਭਲ ਬਣਾਉਣ ਵਾਲੇ ਤਿਕੜਮਬਾਜ਼ੀ ਵਧ ਰਹੀ ਹੈ। ਇਸ ਲਈ ਜਦੋਂ ਵੀ ਤੈਨੂੰ ਛੋਟੀ ਵੱਡੀ ਪਦਵੀ ਉਪਰ ਲੋਕਾਂ ਦੇ ਹਿਤ ਵਿਚ ਕੁਝ ਕਰਨ ਦਾ ਮੌਕਾ ਮਿਲਦਾ ਹੈ, ਪੁਲਿਸ ਤੇ ਦਫਤਰਸ਼ਾਹੀ ਵਿਚ ਆ ਖਲੋਂਦੀਆਂ ਹਨ—ਤੈਨੂੰ ਖੋਖਲਾ ਕਰਦੀਆਂ ਹਨ, ਤੈਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਪਰਜਾਤੰਤਰਵਾਦ ਨੂੰ ਸ਼ੁਤਰ-ਬੇਮੁਹਾਰ ਸਿੱਧ ਕਰ ਦਿਖਾਉਂਦੀਆਂ ਹਨ। ਤੈਨੂੰ ਨਿਪੁੰਸਕ ਤੇ ਡਰਨਾ ਬਣਾਕੇ ਫੌਜੀ ਰਾਜ ਜਾਂ ਡਿਕਟੇਟਰੀ ਦਾ ਰਾਹ ਪਧਰਾਉਂਦੀਆਂ ਹਨ। ਦਫਤਰ-ਸ਼ਾਹੀ ਦੀ ਤਾਂ ਪੁੱਛ ਹਾ ਨਾ। ਇਹ ਤਾਂ ਹਾੜੀ ਸਾੜੀ ਲੀਡਰ ਜਾਂ ਪਾਰਟੀ ਕੋਲੋਂ ਉਸ ਦੀ ਆਪਣੀ ਫਾਂਸੀ ਦੇ ਫੈਸਲੇ ਉਪਰ ਦਸਤਖਤ ਕਰਾ ਸਕਦੀ ਹੈ।

ਹੇ ਪਰਜਾਤੰਤਰਵਾਦ! ਅਜੇ ਤੂੰ ਕੌਮਪ੍ਰਸਤੀ ਦੇ ਜਜ਼ਬਾਤੀ ਸੁਪਨੇ ਨੂੰ ਵਰਤਮਾਨ ਹਾਲਤਾਂ ਅਨੁਸਾਰ ਲਾਗੂ ਕਰਨਾ ਹੈ। ਤੈਨੂੰ ਤਾਂ ਅਜੇ ਤਕ ਪ੍ਰਾਂਤ ਦੀਆਂ ਤੰਗ-ਦਿਲ ਰਾਜਨੀਤੀਆਂ ਫੜੀ ਬੈਠੀਆਂ ਹਨ।

## ਬੁੱਧ-ਜੀਵੀ ਅੱਖਾਂ ਖੋਹਲੇ

ਜਿਵੇਂ ਬੁੱਧ, ਡੌਲਿਆਂ ਵਿਚ ਨਹੀਂ ਫੁਰਕਦੀ, ਧੁਰ ਅੰਦਰ ਰਹਿ ਕੇ ਸਹਿਜ ਕਾਰਜ ਕਰਦੀ ਹੈ; ਇੰਜ ਹੀ ਜੇ ਤੂੰ ਰਾਜ ਡੌਲਿਆਂ ਅੰਦਰ ਫਰਕਦਾ ਹੈ ਤਾਂ ਤੂੰ ਬੁੱਧਜੀਵੀ ਨਹੀਂ ਤੱਤਾ-ਗੰਦਾ ਲਹੂ ਹੈਂ, ਜਿਸ ਨੂੰ ਪਰ-ਜੀਵੀ, ਸਮਾਜਕ ਜੋਕਾਂ ਚੂਸ ਲੈਂਦੀਆਂ ਹਨ।

ਤੂੰ ਕਿਧਰ ਦਾ ਦਾਨਸ਼ਵਰ ਹੈਂ, ਜਿਸ ਦੀ ਸੁੱਧ-ਬੁੱਧ ਰਾਜ ਦੀ ਇਕ ਕਹਿਰੀ ਨਜ਼ਰ ਨਾਲ ਗੁਆਚ ਜਾਂਦੀ ਹੈ—ਜਿਸ ਦੀ ਨਜ਼ਰ ਇਨਾਮ-ਸਨਮਾਨ ਦੀ ਇਕ ਥਾਪੀ ਨਾਲ ਰਾਜ ਤੇ ਸਥਾਪਤੀ ਦੀਆਂ ਅੱਖਾਂ ਤੋਂ ਹਟ ਕੇ ਉਸਦੇ ਕਦਮਾਂ ਤੇ ਜਾ ਡਿਗਦੀ ਹੈ।

ਇਸੇ ਕਰਕੇ, ਓਏ ਬੁੱਧੀਜੀਵੀਆ! ਅੱਜ ਤੂੰ ਲੋਕਾਂ ਵਿਚ ਖਲੋ ਕੇ ਧਰਮ ਤੇ ਰਾਜ ਨੂੰ ਤਾੜਦਾ-ਤੋਲਦਾ ਨਹੀਂ ਸਗੋਂ ਧਰਮ ਅਤੇ ਰਾਜ ਉਸੇ ਤਰਾਂ ਨਾਂ ਹਿੰਦੂ ਬੁਧੀਜੀਵੀ, ਸਿੱਖ ਬੁੱਧੀਜੀਵੀ, ਮੁਸਲਿਮ ਉਲਮਾ ਜਾਂ 'ਸੈਕੂਲਰ ਇੰਟਲੈਕਚੂਅਲ' ਰੱਖ ਰਹੇ ਹਨ ਜਿਵੇਂ ਅੱਜ ਤੋਂ ਚਾਲ੍ਹੀ ਵਰ੍ਹੇ ਪਹਿਲਾਂ ਅੰਗਰੇਜ਼ ਹਾਕਮਾਂ ਨੇ ਰੇਲਵੇ ਸਟੇਸ਼ਨਾਂ ਉਪਰ ਬੱਧੀ ਵਰਗੇ ਜਲ ਨੂੰ 'ਹਿੰਦੂ ਪਾਣੀ' 'ਮੁਸਲਿਮ ਪਾਣੀ' ਬਣਾ ਕੇ ਰਖਿਆ ਹੁੰਦਾ ਸੀ। ਤੂੰ ਬੁੱਧੀ ਜੀਵੀ ਨਹੀਂ—ਫੋਕਾ ਸ਼ੋਭਾ-ਜੀਵੀ ਹੈਂ ਜਿਸਨੂੰ ਇਹ ਨਹੀਂ ਪਤਾ ਕਿ ਬੁਧੀ ਮਨੁਖਤਾ ਅੰਦਰ ਹੁੰਦੀ ਹੈ, ਅੰਧ ਵਿਸ਼ਵਾਸ, ਫਿਰਕਾ ਪ੍ਰਸਤੀ ਜਾਂ ਰਾਜ ਦੇ ਨਸ਼ੇ ਵਿਚ ਨਹੀਂ।

ਹੇ ਬੁੱਧੀਜੀਵੀ, ਤੂੰ ਪੰਜਾਬੀ ਚੇਤਨਾ ਦਾ ਪਹਿਰੇਦਾਰ ਬਣ। ਜਿਸ ਪੰਜਾਬੀ ਚੇਤਨਾ ਨੇ ਇਥੇ ਆਉਣ ਤੇ ਪੈਦਾ ਹੋਣ ਵਾਲੇ ਮਜ਼ਬਾਂ, ਮਤਾਂ-ਮਤਾਂਤਰਾਂ ਨੂੰ ਆਪਣੇ ਅਨੁਸਾਰ ਢਾਲ ਡੋਲ ਲਿਆ ਉਸ ਨੂੰ ਧਾਰਮਿਕ ਤੰਗਦਿਲੀ, ਖੂਹ ਦਾ ਡੱਡੂ ਬਨਾਉਣਾ ਲੋੜਦੀ ਹੈ।

ਜਿਸ ਪੰਜਾਬ ਦੀ ਭਾਸ਼ਾ ਨੇ ਹਰ ਬੋਲੀ ਦੇ ਸ਼ਬਦ ਅਪਨਾਏ, ਸ਼ਬਦਾਂ ਨੂੰ ਆਪਣੇ ਕੰਠ ਤੰਤੂਆਂ ਅਨੁਸਾਰ ਭੰਨ-ਘੜ ਲਿਆ ਉਸ ਪੰਜਾਬੀ ਮਾਂ ਬੋਲੀ ਦੇ ਇਕ ਪੁਤਰ ਨੂੰ ਕਿਸ ਨੇ ਵੱਖ ਕਰ ਬਿਠਾਇਆ, ਦੂਜੇ ਕੋਲੋਂ ਕਿਸ ਨੇ ਅਖਵਾਇਆ ਕਿ ਪੰਜਾਬੀ ਮੇਰੀ ਮਾਂ ਨਹੀਂ, ਤੀਜੇ ਨੂੰ ਕਿਸ ਨੇ ਸਮਝਾਇਆ ਕਿ ਪੰਜਾਬੀ—ਮੇਰੀ ਮਾਂ—ਮੇਰੇ ਕੋਲ ਹੀ ਰਹੇ ਮਰੇਗੀ, ਮੈਂ ਇਸ ਨੂੰ ਮੂੰਹ ਲਾਵਾਂ ਜਾਂ ਨਾ ਲਾਵਾਂ?

ਹੇ ਬੁੱਧ-ਜੀਵੀ ਤੂੰ ਜਿਸ ਵੀ ਧਰਮ, ਸੰਪ੍ਰਦਾਇ, ਪਾਰਟੀ, ਧੜੇ ਜਾਂ ਸੰਸਥਾ ਵਿਚ ਕਮਾ ਖਾ ਰਿਹਾ ਹੈਂ—ਕਮਾਈ ਖਾਈ ਜਾਹ। ਤੂੰ ਆਪਣੀ ਕਿਰਤ ਵੇਚ। ਯੋਗਤਾ ਵੀ ਭਾਵੇਂ, ਪਰ ਕਰਤੱਵ ਨਹੀਂ। ਇਹ ਨਾ ਭੁੱਲ ਬੁੱਧ ਮਨੁੱਖ ਕੋਲ ਹੁੰਦੀ ਹੈ, ਪਸ਼ੂ, ਧਾਰਮਿਕ ਅਹੰ ਅਤੇ ਰਾਜਸੀ ਪਾਗਲਪਨ ਕੋਲ ਨਹੀਂ ਭਾਵੇਂ ਇਹ ਕਿੰਨੀ ਹੀ ਮਧੁਰ ਜਾਂ ਕੜਕਵੀਂ ਬੋਲੀ ਬੋਲੇ। ਤੂੰ ਜੇ ਇਨਾਂ ਜਕੜ ਬੰਦੀਆਂ ਵਿਚੋਂ ਨਿਕਲ ਕੇ ਪੰਜਾਬੀਅਤ ਨੂੰ ਮਾਨਵਤਾ ਵਿਚ ਓਤ-ਪ੍ਰੋਤ ਕਰਨ ਲਈ ਸੋਚਦਾ ਤੇ ਕਰਦਾ ਹੈ ਤਾਂ ਹੀ ਤੂੰ ਬੁੱਧੀਜੀਵੀ ਹੈਂ।

## ਪ੍ਰਵਾਸੀ ਹੇਜਲਿਓ!

ਤੁਸੀਂ ਵੀ ਸੁਣੋ! ਤੁਸੀਂ ਉਨ੍ਹਾਂ ਬਸਤੀਵਾਦੀਆਂ ਦੀ ਲੜੀ ਵਿਚ ਅਜੋਕੀ ਕੜੀ ਹੋ, ਜਿਨ੍ਹਾਂ ਨੇ ਪਹਿਲੀ ਲਾਮ ਤੋਂ ਕਿਤੇ ਪਹਿਲਾਂ ਸਾਨੂੰ ਸਸਤੇ ਅਤੇ ਸਮਝਦਾਰ, ਮਜ਼ਦੂਰ ਵੇਖ ਕੇ ਵਲਾਇਤਾਂ ਵਿਚ ਲਿਜਾਣਾ ਸ਼ੁਰੂ ਕੀਤਾ। ਤੁਹਾਡੇ ਵਿਚੋਂ ਬਹੁਤਿਆਂ ਨੂੰ ਨਵ-ਬਸਤੀਵਾਦੀਆਂ ਨੇ ਦੂਜੀ ਸੰਸਾਰ ਜੰਗ ਤੋਂ ਮਗਰੋਂ ਆਪਣੇ ਤਬਾਹ ਹੋਏ ਸ਼ਹਿਰਾਂ, ਸੜਕਾਂ ਅਤੇ ਉਦਯੋਗਾਂ ਵਿਚ ਚਿਣ ਚਿਣ ਕੇ ਵਿਕਾਸ ਦੇ ਧੌਲਰ ਖੜੇ ਕੀਤੇ ਹਨ। ਪਰ ਤੁਹਾਡੇ ਵਿਚੋਂ

ਵਿਚੋਂ ਬਹੁਤੇ ਉਨ੍ਹਾਂ ਗ਼ੁਲਾਮ ਕਿਰਤੀ ਪੁਰਖਿਆਂ ਦੇ ਪਗ-ਚਿੰਨ੍ਹਾਂ ਉਪਰ ਨਹੀਂ ਚਲੇ ਜਿਹੜੇ ਭਾਰਤੀ ਬਣ ਕੇ ਪਰਦੇਸਾਂ ਵਿਚ ਜੀਵੇ, ਜੂਝੇ ਤੇ ਮਰੇ ਸਨ। ਜਿਹੜੇ ਛੋਟੇ ਗੁਰਦੁਆਰਿਆਂ ਨੂੰ ਮਹੰਤਾਂ ਟੋਡੀਆਂ ਤੋਂ ਆਜ਼ਾਦ ਕਰਾਉਂਦੇ 'ਵੱਡੇ ਗੁਰਦੁਆਰੇ' ਭਾਰਤ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਪਾਰਟੀ ਅਤੇ ਹੋਰ ਇਨਕਲਾਬੀ ਦਲ ਬਣਾ ਕੇ ਬਜ ਬਜ ਦੇ ਘਾਟ ਅਤੇ ਕਾਲੇ-ਪਾਣੀ ਤੋਂ ਲੈ ਕੇ ਦੇਸ ਦੀਆਂ ਜਿਹਲਾਂ ਵਿਚ ਵਾਲ ਵਾਲ ਕੱਟਾਂ ਮਰੇ ਸਨ।

ਤੁਹਾਡੇ ਵਿਚੋਂ ਬਹੁਤੇ ਚੁਲ੍ਹੇ-ਚੌਂਕੇ ਤੰਦੂਰ ਤੇ ਪੁਰਾਣੇ ਸੰਸਕਾਰ ਪ੍ਰਦੇਸਾਂ ਵਿਚ ਨਾਲ ਲੈ ਗਏ ਹਨ ਅਤੇ ਏਨੇ ਨਾਲ ਹੀ ਸਮਝਦੇ ਹਨ ਕਿ ਉਹ ਆਪਣਾ ਧਰਮ ਤੇ ਸਭਿਆਚਾਰ ਪ੍ਰਦੇਸਾਂ ਵਿਚ ਸਾਂਭੀ ਬੈਠੇ ਹਨ। ਆਪਣੇ ਖਾਣ-ਪਹਿਨਣ ਅਤੇ ਪੀਣ ਨੂੰ ਤਾਂ ਸੁਆਦਾਂ ਨਸ਼ਿਆਂ ਦਾ ਪੱਟਿਆ ਵੀ ਬਣਾਈ ਰੱਖਦਾ ਹੈ—ਪ੍ਰਦੇਸਾਂ ਦੀ ਮਿਹਨਤ ਭੂਰੀ ਦੇ ਪੈਸਿਆਂ ਨੂੰ ਦੇਸ ਦੇ ਰੁਪਿਆਂ ਵਿਚ ਗੁਣਾਂ ਕਰਕੇ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਵਾਲੇ ਹੋਛਿਆਂ ਦੀ ਵੀ ਘਾਟ ਨਹੀਂ। ਇੰਜ ਹੀ ਦੇਸ ਵਿਚ ਜਿਨ੍ਹਾਂ ਅੰਦਰ ਧਰਮ-ਸ਼ਰਮ ਘੱਟ ਹੀ ਸੀ ਉਨ੍ਹਾਂ ਨੂੰ ਪ੍ਰਦੇਸ ਵਿਚ ਰੱਜਦਿਆਂ ਹੀ ਧਰਮ ਅਤੇ ਪਿਤਾ-ਪੁਰਖੀਅਤ ਦਾ ਅਜਿਹਾ ਵੈਰਾਗ ਜਾਗਦਾ ਹੈ ਕਿ ਦੇਸ਼ ਦੀਆਂ ਹਾਲਤਾਂ, ਧਰਮ ਦੇ ਅਸਲੇ ਅਤੇ ਸਭਿਆਚਾਰ ਦੇ ਮਸਲੇ ਜਾਣੇ ਬਿਨਾਂ ਧਰਮ-ਪੁਤਰ, ਤੱਤੇ ਇਨਕਲਾਬੀ ਅਤੇ ਕਾਹਲੇ ਕਲਮਕਾਰ ਬਣ-ਬਣ ਬਹਿੰਦੇ ਹਨ।

ਹੁਣ ਤਾਂ ਬਦੇਸੀ ਹਾਕਮ ਅਤੇ ਉਹਨਾਂ ਅੱਯਾਰ-ਜਾਸੂਸ ਤੁਹਾਡੇ ਵਿਚੋਂ ਕਾਨੂੰਨੀ ਵੱਸੇ ਜਾਂ ਗ਼ੈਰ-ਕਾਨੂੰਨੀ ਜਾ ਵੜੇ ਭਾਈ-ਬੰਦਾਂ ਨੂੰ ਦੇਸ ਅਤੇ ਪੰਜਾਬ ਵਿਚ 'ਸਿਹ ਦੇ ਤੱਕਲੇ' ਵਾਂਗ ਫੁੱਟ ਦੇ ਬੀਅ ਬਣਾ ਕੇ ਬੀਜ ਰਹੇ ਹਨ। ਗੋਰੀ ਸਰਕਾਰ ਨੂੰ 'ਖਾਲਿਸਤਾਨ ਪਾਰਟੀ' ਦੀ ਮੈਂਬਰ-ਪਰਚੀ ਦਿਖਾ ਕੇ ਭਾਈ ਬੰਦਾਂ ਨੂੰ ਤਾਂ 'ਰਾਜਨੀਤਕ ਸ਼ਰਨ' ਰਾਹੀਂ ਰਹਿਣ ਦਾ ਹੱਕ ਮਿਲ ਗਿਆ, ਵਖਵਾਦੀਆਂ ਨੂੰ ਪ੍ਰੈਸ-ਰੇਡੀਓ ਵਿਚ ਬਿਆਨ-ਬਾਜ਼ੀ ਕਰਨ ਲਈ ਥਾਂ ਮਿਲਿਆ, ਮਾਲੀ ਤੇ ਰਾਜਨੀਤਕ ਸਹਾਇਤਾ ਮਿਲੀ—ਦੇਸ਼ ਵਿਚ ਕੁਪੱਤ ਪਿਆ, ਪੰਜਾਬ ਵਿਚ ਪੰਜਾਬੀ ਨਾਲ ਪੰਜਾਬੀ ਵਿਟਰਿਆ ਅਤੇ ਪੰਜਾਬੋਂ ਬਾਹਰ ਸਿਖਾਂ ਦੇ ਜਾਨ-ਮਾਲ ਰਾਜਨੀਤਕ ਬੰਧਕ ਜਾਂ ਯਰਗ-ਮਾਲ ਬਣ ਗਏ ਅਤੇ ਸਮੁੱਚਾ ਪੰਜਾਬੀ ਬਿੰਬ ਘੱਟੇ-ਕੌਡੀ ਮਿਲਾ ਦਿਤਾ ਹੈ।

ਬੇਂੜ੍ਹੀ ਆਮਦਨ ਚੋਂ ਬਹੁਤਾ ਜੋੜ ਕੇ ਖੁਸ਼ਹਾਲ ਬਣੇ ਭਾਰਤੀ ਪ੍ਰਵਾਸੀ ਸਮਾਜ 'ਚ ਛਹਿ ਕੇ ਬੈਠੀਏ 'ਖਾਲਿਸਤਾਨੀ' ਫੱਫ਼ੇ ਕੁੱਟਣੇ! ਤੂੰ ਮਾਤ ਭੂਮੀ ਨਾਲੋਂ ਵੱਧ ਪੰਜਾਬ ਅਤੇ ਸਿਖਾਂ ਦੀ ਹੇਜਲੀ ਬਣ ਰਹੀ ਹੈਂ। ਇਹ ਚਾਲੇ ਕਿੰਨੇ ਕੁ ਚਲਣਗੇ? ਖਾਲਿਸਤਾਨ' ਵਿਚ ਸਵਰਗ ਵੇਖਣ ਵਾਲਿਓ! ਕਿੰਨਾ ਕੁ ਚਿਰ ਤੁਸੀਂ ਉਹਨਾਂ ਦੇ ਹੱਥ-ਠੋਕੇ ਬਣੋਂਗੇ ਜਿਨ੍ਹਾਂ ਨੂੰ ਨਾ ਸਾਡਾ ਕੋਈ ਧਰਮ ਭਾਇਆ ਹੈ, ਨਾ ਸਭਿਆਚਾਰ ਅਤੇ ਨਾ ਰਾਸ਼ਟਰੀ ਹੋਂਦ?

**ਜਾਸੂਸੀ ਏਜੰਸੀਆਂ ਨੂੰ ਵਧਾਈ:**

ਜੇ ਕੁਦਰਤੀ ਤੇ ਰੱਬੀ ਸ਼ਕਤੀਆਂ ਦੇ ਸਹੰਸਰ ਨਾਮ ਲੋਕਾਂ ਨੇ ਰੱਖੇ ਹਨ ਤਾਂ ਬਦੇਸ਼ੀ ਜਾਸੂਸੀ ਏਜੰਸੀਓ! ਤੁਸੀਂ ਸ਼ੈਤਾਨ ਵਾਂਗ ਆਪਣੇ ਕਈ ਨਾਂ ਤੇ ਰੰਗ-ਰੂਪ ਰਖੇ ਹੋਏ ਹਨ। ਤੁਸੀਂ ਗੁਮਨਾਮ ਹੋ ਕੇ ਵੀ ਗ਼ਰੀਬ, ਪੱਛੜੇ ਤੇ ਵਿਕਾਸਸ਼ੀਲ ਦੇਸਾਂ ਵਿਚ ਹਰ ਤਰ੍ਹਾਂ ਦੀ ਤੋੜ ਫੋੜ ਕਰਦੀਆਂ ਹੋਂ, ਤਾਜ ਤੇ ਤਖ਼ਤੇ ਪਲਟਦੀਆਂ ਹੋ। ਕਿਉਂਕਿ ਤੁਸੀਂ ਸਾਮਰਾਜੀ ਸਰਕਾਰਾਂ ਦਾ ਰਵਾਦਾਰ ਰੂਪ ਨਹੀਂ ਉਨ੍ਹਾਂ ਦੀ ਦੋਖੀ ਅੱਖ ਤੇ ਨੀਚ ਜ਼ਹਿਨੀਅਤ ਹੋ।

ਪੰਜਾਬ ਵਿਚ ਜੋ ਕੁਝ ਹੋਇਆ ਅਤੇ ਨਤੀਜੇ ਵਜੋਂ ਭਾਰਤੀ ਪ੍ਰਧਾਨ ਮੰਤਰੀ ਦੇ ਕਤਲ ਅਤੇ ਮੁੜ ਇਸ ਦਾ ਪੱਜ ਪਾ ਕੇ ਜੋ ਮਾਰ-ਧਾੜ ਕੀਤੀ ਗਈ—ਉਸ ਵਿਚ ਤੁਹਾਡਾ ਹੱਥ ਸਾਬਤ ਹੋ ਸਕੇ ਜਾਂ ਨਾ—ਤੁਹਾਡੇ ਮਨ ਦੀ ਮੁਰਾਦ ਜ਼ਰੂਰ ਪੂਰੀ ਹੋਈ ਹੈ। ਇਸੇ ਲਈ ਵਧਾਈ ਦੀਆਂ ਹੱਕਦਾਰ ਤੁਸੀਂ ਵੀ ਹੋ।

ਅਜਿਹੇ ਹਾਲਾਤ ਪੈਦਾ ਕਰਨ ਵਿਚ ਤੁਹਾਡਾ ਹਿਤ, ਤੁਹਾਡਾ ਹੱਥ ਹੈ।

ਤੁਸੀਂ ਵਧਾਈ ਦੀਆਂ ਹੱਕਦਾਰ ਇਸ ਲਈ ਵੀ ਹੋ ਕਿ ਤੁਸਾਂ ਆਪਣੇ ਪੂਰਵਜ ਬ੍ਰਤਾਨਵੀ ਸਾਮਰਾਜ ਦੀ ਲਾਜ ਰੱਖ ਕੇ ਆਪਣੇ ਜਾਸੂਸਾਂ ਰਾਹੀਂ ਉਹ ਕੁਝ ਕੀਤਾ ਹੈ ਜੋ ਉਨ੍ਹਾਂ ਨੇ ਆਪਣੀ ਜ਼ਾਲਮ ਅਫ਼ਸਰਸ਼ਾਹੀ ਰਾਹੀਂ ਕੀਤਾ ਸੀ।

ਤੁਸਾਂ ਆਪਣਾ ਇਹ ਸਿਧਾਂਤ ਇਕ ਹੱਦ ਤਕ ਸੱਚਾ ਸਿੱਧ ਕਰ ਦਿਖਾਇਆ ਹੈ ਕਿ ਨਵੇਂ ਅਤੇ ਸੌਖੇ ਆਜ਼ਾਦ ਹੋਏ ਦੇਸਾਂ ਵਿਚ ਦੇਸ਼ ਭਗਤੀ ਲੀਡਰਾਂ ਦੀ ਨਿਜੀ ਜਾਂ ਪਾਰਟੀ ਖਹਿ ਨਾਲੋਂ ਉੱਚੀ ਨਹੀਂ ਅਤੇ ਅੱਤ ਦੀ ਹੱਦ ਤਕ ਪਹੁੰਚਿਆ ਧਾਰਮਿਕ, ਰਾਜਨੀਤਕ ਅਤੇ ਨਿੱਜੀ ਵਿਰੋਧੀ ਸਭ ਤੋਂ ਸਸਤਾ, ਦ੍ਰਿੜ੍ਹ ਅਤੇ ਅਚੇਤ ਜਾਸੂਸ ਹੁੰਦਾ ਹੈ।

ਪਰ ਜਨਤਾ ਦੀਆਂ ਮੰਗਾਂ-ਉਮੰਗਾਂ ਅਤੇ ਦੇਸ ਭਗਤੀ ਏਨੀ ਵਿਸ਼ਾਲ ਅਤੇ ਖੁਲ੍ਹੇ-ਆਮ ਹੁੰਦੀ ਹੈ ਕਿ ਇਸ ਵਿਚ ਕੋਈ ਜਾਸੂਸੀ ਜਾਂ ਗੁਪਤਚਰੀ ਬਹੁਤਾ ਚਿਰ ਚੱਲ ਨਹੀਂ ਸਕਦੀ।

ਤੁਸਾਂ ਅਗੇ ਵੀ ਕੋਰੀਆ, ਵੀਅਤਨਾਮ, ਲੇਟਿਨ ਅਮਰੀਕਾ ਅਤੇ ਅਫਰੀਕਾ ਵਿਚ ਲੋਕਾਂ ਦਾ ਘਾਣ ਕਰਾਇਆ ਹੈ, ਅਮਰੀਕੀ ਸਰਕਾਰ ਨੂੰ ਗ਼ਰੀਬ ਮੁਲਕਾਂ ਤੇ ਲੋਕਾਂ ਦੇ ਗਲ ਪੁਆ ਕੇ ਉਸ ਦਾ ਬੂਥਾੜ ਭੰਨਵਾਇਆ ਹੈ। ਇਸ ਵਾਰ ਵੀ ਇੰਜ ਹੀ ਹੋਣਾ ਹੈ। ਉਦੋਂ ਲੋਕ ਵਧਾਈ ਆਪਣੇ ਆਪ ਨੂੰ ਅਤੇ ਫਿਟਕਾਰ ਤੈਨੂੰ ਦੇਣਗੇ। ਇਹ ਗੱਲ ਹੋਣੀ ਵਾਂਗ ਪੱਕੀ ਹੈ।

—ਕਿਰਪਾਲ ਸਿੰਘ ਆਜ਼ਾਦ

## ਦੱਖਣੀ ਅਫਰੀਕਾ—ਜਬਰ ਦੀ ਧਰਤੀ

ਸੰਸਾਰ ਭਰ ਦੀ ਲੋਕ-ਰਾਏ ਨੂੰ ਠੁਕਰਾਂਦੇ ਹੋਏ ਦਖਣੀ ਅਫ਼ਰੀਕਾ ਦੀ ਚਿੱਟੀ ਸਰਕਾਰ ਨੇ 17 ਅਕਤੂਬਰ ਨੂੰ ਪ੍ਰਸਿਧ ਕਾਲੇ ਕਵੀ **ਬੈਨਜੇਮਨ ਮੋਲੋਂਸੀ** (ਉਮਰ 28 ਸਾਲ) ਨੂੰ ਫਾਂਸੀ ਦੇ ਦਿੱਤੀ। ਉਸਨੂੰ ਫਾਂਸੀ ਦੀ ਸਜ਼ਾ ਇਕ ਚਿੱਟੇ ਪੁਲਸ ਸਿਪਾਹੀ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਨਾਤੇ ਦਿੱਤੀ ਗਈ। ਬੈਨਜੇਮਨ ਮੋਲੋਂਸੀ ਨੇ ਏਲਾਨੀਆਂ ਆਪਣੇ ਆਪ ਨੂੰ ਅਫਰੀਕਨ ਨੈਸ਼ਨਲ ਕਾਂਗਰਸ ਦੇ ਗੁਰੀਲਾ ਗਰੁੱਪ ਦਾ ਹਮੈਤੀ ਕਿਹਾ ਜੋ ਦੱਖਣੀ ਅਫਰੀਕਾ ਵਿਚ ਚਿੱਟਿਆਂ ਵਲੋਂ ਚਲਾਏ ਜਾ ਰਹੇ ਨਸਲੀ ਵਿਤਕਰੇ ਦੇ ਰਾਜ ਨੂੰ ਖਤਮ ਕਰਨ ਲਈ ਵਚਨਬੰਧ ਹਨ। ਵੀਹਵੀਂ ਸਦੀ ਵਿਚ ਇਕ ਦਖਣੀ ਅਫਰੀਕਾ ਹੀ ਐਸਾ ਦੇਸ਼ ਹੈ ਜੋ ਬੜੀ ਬੇਸ਼ਰਮੀ ਨਾਲ ਨਸਲੀ ਵਿਤਕਰੇ ਦੇ ਰਾਜ ਨੂੰ ਏਲਾਨੀਆ ਚਲਾ ਰਿਹਾ ਹੈ। ਦੂਜੇ ਵੀ ਬਹੁਤ ਸਾਰੇ ਦੇਸ਼ਾਂ ਵਿਚ ਭਾਵੇਂ ਨਸਲੀ ਵਿਤਕਰੇ ਦਾ ਵਰਤਾਰਾ ਕਾਇਮ ਹੈ, ਪਰ ਉਥੋਂ ਦੀ ਸਰਕਾਰਾਂ ਕਮ-ਅਜ਼-ਕਮ ਝੂਠਾ ਮੂਠਾ ਇਹ ਦਾਅਵਾ ਕਰ ਸਕਦੀਆਂ ਹਨ ਕਿ ਅਸੀਂ ਇਸ ਵਿਤਕਰੇ ਵਾਲੇ ਵਰਤਾਰੇ ਦੇ ਹਾਮੀ ਨਹੀਂ। ਇਸ ਫਾਂਸੀ ਦੀ ਦੁਖਦਾਇਕ ਖ਼ਬਰ ਜਦੋਂ ਅੰਖ਼ਬਾਰਾਂ ਵਿਚ ਆਈ ਤਾਂ ਉਸੇ ਦਿਨ ਡਾਕ ਰਾਹੀਂ ਇਥੇ ਕੈਨੇਡਾ ਦੇ ਪੰਜਾਬੀ ਲੇਖਕਾਂ ਵਲੋਂ ਕੱਢਿਆ ਜਾਂਦਾ ਮੈਗਜ਼ੀਨ 'ਵਤਨੋਂ ਦੂਰ' ਮਿਲਿਆ, ਜਿਸ ਵਿਚ ਵੈਨਕੂਵਰ ਸੱਥ ਦੇ ਸਾਥੀਆਂ ਸਾਧੂ, ਸੁਖਵੰਤ ਹੁੰਦਲ, ਸਰਵਣ ਬੋਲ ਅਤੇ ਮਖਣ ਟੁੱਟ ਵਲੋਂ ਇਕ ਬੜਾ ਹੀ ਜਾਣਕਾਰੀ ਵਾਲਾ ਲੇਖ **'ਸਾਊਥ ਅਫਰੀਕਾ'** ਸ਼ਾਮਿਲ ਸੀ। ਇਹ ਨੋਟ ਉਸੇ ਲੇਖ ਤੋਂ ਲਈ ਜਾਣਕਾਰੀ ਦੇ ਆਧਾਰਤ ਲਿਖਿਆ ਜਾ ਰਿਹਾ ਹੈ ਤਾਂ ਜੋ ਸਮਤਾ ਦੇ ਪਾਠਕਾਂ ਦੀ ਉਸ ਲਹਿਰ ਨਾਲ ਸਾਂਝ ਪਾਈ ਜਾ ਸਕੇ, ਜਿਸਦੀ ਪ੍ਰੇਰਨਾ ਥੱਲੇ ਮੋਲੋਂਸੀ ਨੇ ਫਾਂਸੀ ਦਾ ਰੱਸਾ ਚੁੰਮਿਆ ਅਤੇ ਜੋ ਸੰਸਾਰ ਭਰ ਦੇ ਦੱਬੇ ਕੁਚਲੇ ਲੋਕਾਂ ਦੀ ਮੁਕਤੀ ਦੀ ਲਹਿਰ ਦਾ ਇਕ ਹਿੱਸਾ ਹੈ।

ਦੱਖਣੀ ਅਫ਼ਰੀਕਾ ਦੇ ਕਾਲੇ ਲੋਕਾਂ ਵਲੋਂ ਇਹ ਘੋਲ **ਅਪਾਰਥਾਈਡ** ਢਾਂਚੇ ਦੇ ਵਿਰੁੱਧ ਲੜਿਆ ਜਾ ਰਿਹਾ ਹੈ। ਇਸ ਢਾਂਚੇ ਅਨੁਸਾਰ ਕਾਲੇ ਅਤੇ ਚਿੱਟੇ ਲੋਕਾਂ ਨੂੰ ਵੱਖ ਵੱਖ ਰਖਿਆ ਜਾਂਦਾ ਹੈ ਅਤੇ ਚਿੱਟੇ ਲੋਕਾਂ ਦੇ ਮੁਕਾਬਲੇ ਕਾਲੇ ਲੋਕਾਂ ਨੂੰ ਕੋਈ ਮਨੁੱਖੀ ਹੱਕ ਨਹੀਂ ਹਨ। ਇਸ ਘੋਲ ਨੂੰ ਰੋਕਣ ਲਈ ਦੱਖਣੀ ਅਫਰੀਕਾ ਦੀ ਚਿੱਟੀ ਸਰਕਾਰ ਹੋਰਨਾਂ ਜਾਬਰ ਸਰਕਾਰਾਂ ਵਾਂਗ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਹਰ ਤਰ੍ਹਾਂ ਦੇ ਜਬਰ ਤੇ ਜ਼ੁਲਮ ਦੇ ਢੰਗ ਵਰਤ ਰਹੀ ਹੈ। ਕਾਲੇ ਲੋਕਾਂ ਕੋਲ ਪਹਿਲਾਂ ਹੀ ਕੋਈ ਖ਼ਾਸ ਹੱਕ ਨਹੀਂ ਸਨ। ਰਹਿੰਦੀ ਕਸਰ ਚਿੱਟੀ ਸਰਕਾਰ ਨੇ ਇਸ ਸਾਲ 21 ਜੁਲਾਈ ਨੂੰ ਐਮਰਜੈਂਸੀ ਲਾ ਕੇ ਪੂਰੀ ਕਰ ਦਿੱਤੀ ਹੈ। ਹਜ਼ਾਰ ਦੀ ਗਿਣਤੀ ਵਿਚ ਵਿਦਿਆਰਥੀ, ਸਿਆਸੀ ਕਾਰਕੁੰਨ, ਮਜ਼ਦੂਰ ਆਗੂ, ਧਾਰਮਕ ਲੋਕ ਚਿੱਟੀ ਸਰਕਾਰ ਦਾ ਵਿਰੋਧ ਕਰਕੇ ਗਿਰਫ਼ਤਾਰ ਕੀਤੇ ਜਾ ਚੁੱਕੇ ਹਨ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਕੋਈ 600 ਕਾਲੇ ਲੋਕ ਐਮਰਜੈਂਸੀ ਦੇ ਦਰਮਿਆਨ ਮਾਰੇ ਜਾ ਚੁੱਕੇ ਹਨ।

ਦੱਖਣੀ ਅਫਰੀਕਾ ਵਿਚ ਕਾਲੇ ਲੋਕ ਕੁਲ ਆਬਾਦੀ ਦੇ 74 ਫੀਸਦੀ ਹਨ ਜਦੋਂ ਗੋਰੇ 14 ਫੀਸਦੀ ਹੈ, ਬਾਕੀ 12 ਫੀਸਦੀ ਹੋਰ ਲੋਕ ਹਨ, ਜਿਨ੍ਹਾਂ ਵਿਚ ਭਾਰਤੀ ਵੀ ਹਨ ਤੇ ਉਹ ਵੀ ਲੋਕ ਹਨ ਜਿਨ੍ਹਾਂ ਨੂੰ ਰੰਗਦਾਰ ਲੋਕ ਆਖਿਆ ਜਾਂਦਾ ਹੈ, ਜੋ ਗੋਰਿਆਂ ਅਤੇ ਕਾਲਿਆਂ ਦੀ ਮਿਲਵੀਂ ਨਸਲ ਤੋਂ ਹਨ। 14 ਫ਼ੀ ਸਦੀ ਲੋਕਾਂ ਨੇ ਰਾਜ ਭਾਗ ਪੂਰੀ ਤਰ੍ਹਾਂ ਸਾਂਭਿਆ ਹੋਇਆ ਹੈ ਤੇ ਬਾਕੀਆਂ ਨਾਲ ਗੁਲਾਮਾਂ ਵਾਂਗ ਸਲੂਕ ਕਰਦੇ ਹਨ। ਕਾਲਿਆਂ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ। ਰੰਗਦਾਰ ਅਤੇ ਭਾਰਤੀ ਮੁੱਢ ਦੇ ਲੋਕਾਂ ਨੂੰ ਪਿਛਲੇ ਸਾਲ ਆਪਣੀ ਵੱਖਰੀ ਪਾਰਲੀਮੈਂਟ ਚੁਣਨ ਦਾ ਅਧਿਕਾਰ ਦਿੱਤਾ ਗਿਆ ਹੈ ਪਰ ਇਸ ਪਾਰਲੀਮੈਂਟ ਕੋਲ ਕਾਨੂੰਨ ਬਣਾਉਣ ਸੰਬੰਧੀ ਕੋਈ ਅਧਿਕਾਰ ਨਹੀਂ। ਇਹ ਸਿਰਫ ਚਿੱਟਿਆਂ ਦੀ ਪਾਰਲੀਮੈਂਟ

---

o ਕੇਂਦਰੀ ਸਰਕਾਰ ਨੇ ਜੂਨ 1984 ਤੋਂ ਮਾਰਚ 1985 ਤੱਕ ਤਕਰੀਬਨ 7000 ਕੈਦੀਆਂ ਦੀ ਤਸੀਹੇ ਦੇ ਦੇ ਕੇ ਇੰਟੈਰੋਗੇਸ਼ਨ ਕੀਤੀ। ਪੰਜਾਬ ਦੀਆਂ ਹਿੰਸਕ ਘਟਨਾਵਾਂ ਬਾਰੇ ਉਹ ਕਿਸ ਦੇਸੀ ਜਾਂ ਬਦੇਸ਼ੀ ਸਾਜ਼ਿਸ਼ ਦਾ ਪਤਾ ਲਗਾ ਸਕੇ ਹਨ, ਉਹਦੇ ਬਾਰੇ ਉਹਨਾਂ ਨੂੰ ਸਪੱਸ਼ਟ ਤੌਰ ਤੇ ਦੇਸ਼ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ। ਇਸੇ ਤਰ੍ਹਾਂ ਸੰਤ ਲੌਂਗੋਵਾਲ ਬੜੀ ਵਾਰ ਬਿਆਨ ਦੇਂਦੇ ਰਹੇ ਹਨ ਕਿ ਉਹਨਾਂ ਕੋਲ ਐਸੇ ਸਬੂਤ ਹਨ, ਜੋ ਕਿਸੇ ਵੀ ਅਦਾਲਤੀ ਜਾਂਚ ਵਿਚ ਸਾਬਤ ਕਰਨਗੇ ਕਿ ਪੰਜਾਬ ਵਿਚ ਹੋਏ ਬਹੁਤ ਸਾਰੇ ਕਤਲਾਂ ਦੀ ਜ਼ਿੰਮੇਵਾਰੀ ਕਾਂਗਰਸ ਪਾਰਟੀ ਦੀ ਅੰਦਰੂਨੀ ਧੜੇਬੰਦੀ ਉਤੇ ਹੈ। ਇਹ ਸਬੂਤ ਉਹਨਾਂ ਨੇ ਬਰਨਾਲਾ ਜੀ ਨੂੰ ਵੀ ਦੱਸੇ ਹੋਣਗੇ। ਬਰਨਾਲਾ ਜੀ ਨੇ ਇਹਦੇ ਬਾਰੇ ਇਕ ਦੋ ਥਾਂ ਜ਼ਿਕਰ ਵੀ ਕੀਤਾ ਹੈ। ਸਮਾਂ ਆ ਗਿਆ ਹੈ ਕਿ ਇਹ ਸਬੂਤ ਪਬਲਿਕ ਵਿਚ ਪੇਸ਼ ਕੀਤੇ ਜਾਣ। ਇਹਨਾਂ ਨੂੰ ਕਿਸੇ ਸੰਦੂਕੜੀ ਵਿਚ ਸਾਂਭਣ ਦਾ ਕੋਈ ਫਾਇਦਾ ਨਹੀਂ। ਸੱਚ ਤੇ ਝੂਠ ਦਾ ਨਿਤਾਰਾ ਹੋਣਾ ਚਾਹੀਦਾ ਹੈ ਵਰਨਾਂ ਲੋਕਾਂ ਦਾ ਇਹ ਸ਼ੱਕ ਪੱਕਾ ਹੋ ਜਾਏਗਾ ਕਿ ਇਹ ਵੱਡੇ ਲੋਕ ਅੰਦਰਖਾਤੇ ਕੁਰਸੀ ਖਾਤਿਰ ਖੇਡਾਂ ਖੇਡਦੇ ਲੋਕਾਂ ਨੂੰ ਅੱਗ ਵਿਚ ਝੋਂਕਦੇ ਰਹਿੰਦੇ ਹਨ।

ਨੂੰ ਸਲਾਹ ਹੀ ਦੇ ਸਕਦੀ ਹੈ। ਕਾਲੇ ਲੋਕ ਆਪਣੀ ਮਰਜ਼ੀ ਮੁਤਾਬਿਕ ਆਪਣੇ ਹੀ ਦੇਸ਼ ਵਿਚ ਤੁਰ ਫਿਰ ਨਹੀਂ ਸਕਦੇ। ਖਾਸ ਇਲਾਕਿਆਂ ਤੋਂ ਬਾਹਰ ਉਹ ਸਿਰਫ਼ ਪਾਸਪੋਰਟ ਲੈ ਕੇ ਹੀ ਨਿਕਲ ਸਕਦੇ ਹਨ। ਸ਼ਹਿਰ ਵਿਚ ਉਹ ਮਜ਼ਦੂਰੀ ਕਰਕੇ ਕੋਈ ਆਪਣੀ ਯੂਨੀਅਨ ਨਹੀਂ ਬਣਾ ਸਕਦੇ ਅਤੇ ਉਹਨਾਂ ਨੂੰ ਉਹਨਾਂ ਬਸਤੀਆਂ ਵਿਚ ਰਹਿਣਾ ਪੈਂਦਾ ਹੈ, ਜੋ ਉਹਨਾਂ ਵਾਸਤੇ ਰੀਜ਼ਰਵ ਰਖੀਆਂ ਗਈਆਂ ਹਨ। ਉਹਨਾਂ ਨੂੰ ਉੱਚ ਟੈਕਨੀਕਲ ਵਿਦਿਆ ਦਾ ਕੋਈ ਹੱਕ ਨਹੀਂ। 1976 ਤੇ ਅੰਕੜਿਆਂ ਮੁਤਾਬਿਕ 400 ਚਿੱਟਿਆਂ ਦੇ ਮਗਰ ਇਕ ਮੁਹਈਆ ਹੈ। ਦੂਜੇ ਪਾਸੇ 44000 ਕਾਲੇ ਲੋਕਾਂ ਮਗਰ ਇਕ ਡਾਕਟਰ ਦਾ ਹੀ ਪ੍ਰਬੰਧ ਹੈ। ਗਡੀਆਂ ਵਿਚ ਕਾਲੇ ਚਿੱਟਿਆਂ ਨਾਲ ਬਹਿਕੇ ਸਫ਼ਰ ਨਹੀਂ ਕਰ ਸਕਦੇ।

ਇਸ ਅਣਮਨੁੱਖੀ ਵਰਤਾਰੇ ਦੇ ਵਿਰੁੱਧ ਸਮੇਂ ਸਮੇਂ ਕਾਲੇ ਲੋਕ ਸੰਘਰਸ਼ ਕਰਦੇ ਰਹੇ। ਸੰਨ 1912 ਵਿਚ ਅਫਰੀਕਨ ਨੈਸ਼ਨਲ ਕਾਂਗਰਸ ਸਥਾਪਤ ਕੀਤੀ ਗਈ, ਇਸਦਾ ਉਦੇਸ਼ ਦਖਣੀ ਅਫਰੀਕਾ ਵਿਚ ਅਜੇਹੇ ਸਮਾਜ ਦੀ ਉਸਾਰੀ ਕਰਨਾ ਸੀ, ਜਿਸ ਵਿਚ ਸਾਰੇ ਲੋਕ ਬਿਨਾਂ ਰੰਗਾਂ, ਨਸਲਾਂ ਦੇ ਭੇਦਭਾਵ ਦੇ ਬਰਾਬਰਤਾ ਨਾਲ ਰਹਿ ਸਕਣ। ਆਰੰਭ ਵਿਚ ਇਸਦਾ ਨਿਸ਼ਾਨਾ ਅਹਿੰਸਾਤਮਕ ਢੰਗ ਨਾਲ ਇਹ ਬਦਲੀ ਲਿਆਉਣਾ ਸੀ, ਪਰ ਜਦੋਂ ਇਸਦੇ ਲੀਡਰ **ਨੈਲਸਨ ਮੰਡੇਲਾ** ਨੇ ਵੇਖਿਆ ਕਿ ਅਪਾਰਥਾਈਡ ਵਿਰੁੱਧ ਇਕ ਵੀ ਸ਼ਬਦ ਬੋਲਣ ਵਾਲੇ ਨੂੰ ਦਬਾਉਣ ਲਈ ਸਰਕਾਰ ਬਹੁਤ ਵਹਿਸ਼ੀ ਕਰੂਰ ਅਤੇ ਹਿੰਸਾਤਮਕ ਢੰਗ ਵਰਤਦੀ ਹੈ ਤਾਂ ਉਸ ਸੋਚਿਆ ਕਿ ਕਾਲੇ ਲੋਕਾਂ ਦੀ ਮੁਕਤੀ ਹਥਿਆਰਬੰਦ ਇਨਕਲਾਬ ਨਾਲ ਹੀ ਹੋ ਸਕਦੀ ਹੈ। ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਵਲੋਂ ਇਹ ਫੈਸਲਾ ਸੰਨ 1960 ਵਿਚ ਸ਼ਾਰਪਵਿਲ ਵਿਖੇ ਪੁਲੀਸ ਵਲੋਂ ਇਕ ਵਿਖਾਵੇ ਉਪਰ ਗੋਲੀ ਚਲਾਕੇ 69 ਬੰਦੇ ਮਾਰਨ ਦੀ ਘਟਨਾ ਉਪਰੰਤ ਲਿਆ ਗਿਆ। ਸੰਨ 1960 ਵਿਚ ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਦੇ ਹੋਰ ਆਗੂ ਅੰਡਰਗਰਾਊਂਡ ਹੋ ਗਏ। ਸੰਨ 1962 ਵਿਚ ਮੰਡੇਲਾ ਨੂੰ ਫੜ ਲਿਆ ਗਿਆ ਅਤੇ ਉਸ ਉਪਰ ਬਗ਼ਾਵਤ ਦਾ ਦੋਸ਼ ਲਾਕੇ ਉਮਰ ਕੈਦ ਦੀ ਸਜ਼ਾ ਦੇ ਦਿਤੀ ਗਈ। ਅੱਜ ਵੀ ਨੈਲਸਨ ਮੰਡੇਲਾ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ। ਸੰਨ 1962 ਵਿਚ ਅਪਣੇ ਮੁਕਦਮੇ ਦੌਰਾਨ ਮੰਡੇਲਾ ਨੇ ਜੱਜ ਨੂੰ ਕਿਹਾ ''ਮੈਂ ਉਸ ਪਾਰਲੀਮੈਂਟ, ਜਿਸ ਵਿਚ ਮੇਰੇ ਲੋਕਾਂ ਦੀ ਕੋਈ ਪ੍ਰਤੀਨਿਧਤਾ ਨਹੀਂ ਹੈ, ਵਲੋਂ ਬਣਾਏ ਗਏ ਕਾਨੂੰਨ ਨੂੰ ਮੰਨਣਾ ਅਪਣਾ ਫ਼ਰਜ਼ ਨਹੀਂ ਸਮਝਦਾ। ਪਿਛਲੇ 23 ਸਾਲਾਂ

## ਇਕ ਟਿੱਪਣੀ

ਇਕ ਖ਼ਬਰ ਹੈ ਕਿ ਪੰਜਾਬ ਸਰਕਾਰ ਨੇ ਸਾਬਕਾ ਅਕਾਲੀ ਐਮ. ਐਲ. ਏ. ਸ. ਹਰਬੰਸ ਸਿੰਘ ਘੁੰਮਣ ਦੀ ਸ਼ਕਾਇਤ ਤੇ ਗੁਰਦਾਸਪੁਰ ਦੇ ਸਾਬਕਾ ਐਸ. ਐਸ. ਪੀ. ਏ. ਪੀ. ਪਾਂਡੇ ਦੇ ਵਿਰੁੱਧ ਝੂਠੇ ਪੁਲਸ ਮੁਕਾਬਲਿਆਂ ਵਿਚ 4 ਵਿਅਕਤੀਆਂ ਨੂੰ ਮਾਰਨ ਦੇ ਦੋਸ਼ ਦੀ ਤਫਤੀਸ਼ ਕਰਨ ਦਾ ਹੁਕਮ ਦਿੱਤਾ ਹੈ। ਤਫਤੀਸ਼ ਕਮੇਟੀ ਦੇ ਤਿੰਨ ਮੈਂਬਰ ਹੋਣਗੇ, ਜਿਸ ਦਾ ਹੈਡ ਐਡਵੋਕੇਟ ਜਨਰਲ ਜੀ. ਐਸ. ਗਰੇਵਾਲ ਹੋਏਗਾ। ਇਹ ਬਹੁਤ ਹੀ ਵਧੀਆ ਖਬਰ ਹੈ। ਤਫਤੀਸ਼ ਕਮੇਟੀ ਕਿਸ ਨਤੀਜੇ ਤੇ ਪੁੱਜਦੀ ਹੈ, ਇਹ ਇਕ ਵੱਖਰੀ ਗੱਲ ਹੈ ਪਰ ਘਟ ਤੋਂ ਘਟ ਉਹਨਾਂ ਸਾਰੇ ਪੁਲਸ ਅਫ਼ਸਰਾਂ ਅਤੇ ਥਾਣੇਦਾਰਾਂ ਨੂੰ ਇਕ ਡਰ ਜ਼ਰੂਰ ਪਵੇਗਾ ਕਿ 'ਪੁਲਸ ਮੁਕਾਬਲੇ' ਦੇ ਜੁਰਮ ਵਾਸਤੇ ਉਹਨਾਂ ਨੂੰ ਕਿਸੇ ਵੇਲੇ ਕਟਹਿਰੇ ਵਿਚ ਖੜਾ ਕੀਤਾ ਜਾ ਸਕਦਾ ਹੈ, 'ਝੂਠਾ ਪੁਲਸ ਮੁਕਾਬਲਾ' ਇਕ ਬੜਾ ਹੀ ਘਿਣਾਉਣਾ ਅਮਲ ਹੈ, ਜਿਸ ਦੀ ਪੰਜਾਬ ਵਿਚ ਸ਼ੁਰੂ ਅਸ਼ਵਨੀ ਕੁਮਾਰ ਨੇ ਕੀਤੀ ਸੀ। ਅਮ੍ਰਿਤਸਰ ਦੇ ਪਹਿਲੇ ਐਸ. ਐਸ. ਪੀ. ਬੂਆ ਸਿੰਘ ਵਿਰੁੱਧ ਵੀ ਸ਼ਕਾਇਤ ਹੈ ਕਿ ਉਸ ਨੇ ਆਪਣੇ ਥੱਲੇ ਸਾਰੇ ਐਸ. ਐਚ. ਓ. ਨੂੰ ਹੁਕਮ ਦਿੱਤਾ ਹੋਇਆ ਸੀ ਕਿ ਦਹਿਸ਼ਤ ਅਤੇ ਪੁਲਸ ਦਾ ਡਰ ਪਾਉਣ ਲਈ ਹਰ ਥਾਣੇ ਵਿਚ 4-5 ਪੁਲਸ ਮੁਕਾਬਲੇ ਜ਼ਰੂਰ ਬਣਾਏ ਜਾਣ। ਪੁਲਸ ਮਹਿਕਮੇ ਦੇ ਬਹੁਤ ਸਾਰੇ ਅਫ਼ਸਰਾਂ ਦੀ ਲਿਸਟ ਬਣਾਈ ਜਾ ਸਕਦੀ ਹੈ, ਜਿਨ੍ਹਾਂ ਨੇ ਆਪਣੇ ਕਾਂਗਰਸੀ ਬਾਸਾਂ ਨੂੰ ਖੁਸ਼ ਕਰਕੇ ਨੌਜਵਾਨਾਂ ਦਾ ਕਤਲ ਕੀਤਾ ਜਾਂ ਅਸਹਿ ਤਸੀਹੇ ਦਿੱਤੇ। ਇਹਨਾਂ ਸਾਰਿਆਂ ਨੂੰ ਕਟਹਿਰੇ ਵਿਚ ਖੜਾ ਕਰਨਾ ਜ਼ਰੂਰੀ ਹੈ। ਸਾਬਕਾ ਡੀ. ਆਈ. ਜੀ ਅਟਵਾਲ ਦੇ ਕਤਲ ਬਾਰੇ ਵੀ ਜੋ ਰਿਪੋਰਟ ਪਹਿਲੀ ਸਰਕਾਰ ਨੇ ਦਬਾ ਕੇ ਰੱਖੀ ਹੋਈ ਹੈ, ਉਹ ਵੀ ਬਾਹਰ ਆਉਣੀ ਚਾਹੀਦੀ ਹੈ।

ਇਸੇ ਤਰ੍ਹਾਂ 'ਹਿੱਟ ਲਿਸਟ' ਵਾਲਾ ਅਮਲ ਜਿਸਦਾ ਦੋਸ਼ ਸੰਤ ਭਿੰਡਰਾਂਵਾਲਾ ਜਾਂ ਸਿੱਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਉਤੇ ਆਉਂਦਾ ਹੈ, ਉਹਦੀ ਅਸਲੀਅਤ ਵੀ ਲੋਕਾਂ ਅਗੇ ਆਉਣੀ ਚਾਹੀਦੀ ਹੈ। 'ਝੂਠੇ ਪੁਲਸ ਮੁਕਾਬਲੇ' ਅਤੇ 'ਹਿੱਟ ਲਿਸਟਾਂ' ਇਹ ਇਕੋ ਸਿੱਕੇ ਦੇ ਦੋ ਪਾਸੇ ਹਨ, ਜਦੋਂ ਕੁਝ ਲੋਕ ਜਿਨ੍ਹਾਂ ਕੋਲ ਜਬਰ ਦੇ ਸਾਧਨ ਹਨ, ਉਹ ਆਪ ਮੁਹਾਰੇ ਸਾਧਾਰਨ ਲੋਕਾਂ ਦੀ ਜ਼ਿੰਦਗੀ ਤੇ ਮੌਤ ਦਾ ਫੈਸਲਾ ਕਰ ਦੇਂਦੇ ਹਨ। ਪੁਲਸ ਅਫ਼ਸਰਾਂ ਅਤੇ ਧਾਰਮਿਕ ਜਨੂੰਨੀਆਂ ਦੋਨਾਂ ਦੀਆਂ ਹਰਕਤਾਂ ਲੋਕਾਂ ਸਾਹਮਣੇ ਆਉਣੀਆਂ ਚਾਹੀਦੀਆਂ ਹਨ। ਅਕਾਲੀ ਵਜ਼ਾਰਤ ਜੇਕਰ ਇਹ ਕੰਮ ਕਰ ਦੇਵੇ, ਪੰਜਾਬ ਦੇ ਲੋਕ ਉਹਨਾਂ ਦੇ ਇਹਸਾਨਮੰਦ ਹੋਣਗੇ। ਡਾ. ਵਿਸ਼ਵਾਨਾਥ ਤਿਵਾੜੀ, ਸੁਮੀਤ ਅਤੇ ਸੁਖਰਾਜ ਦੀਆਂ ਮੌਤਾਂ ਨੂੰ ਅਸੀਂ ਭੁਲਾ ਨਹੀਂ ਸਕਦੇ।

ਤੋਂ ਉਹ ਜੇਲ੍ਹ ਵਿਚ ਹੈ, ਪਰ ਉਹ ਲੋਕਾਂ ਦਾ ਸਾਰਿਆਂ ਨਾਲੋਂ ਸਤਕਾਰਿਆ ਆਗੂ ਹੈ। ਨੌਜਵਾਨਾਂ ਵਿਚ ਅਫਰੀਕਨ ਨੈਸ਼ਨਲ ਕਾਂਗਰਸ ਬਹੁਤ ਹੀ ਹਰਮਨ ਪਿਆਰੀ ਹੈ। ਇਸ ਸਾਲ ਐਮਰਜੈਂਸੀ ਲੱਗਣ ਤੋਂ ਕੁਝ ਘੰਟੇ ਪਹਿਲਾਂ ਇਕ ਪਰੇਡ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਪਾਬੰਦੀ ਹੇਠ ਆਈ ਅਫ਼ਰੀਕਨ ਨੈਸ਼ਨਲ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਦੇ ਬੈਨਰਾਂ ਹੇਠ ਮਾਰਚ ਕੀਤਾ। ਅਫਰੀਕਨ ਨੈਸ਼ਨਲ ਕਾਂਗਰਸ ਦੀ 7000 ਦੀ ਗਿਣਤੀ ਦੀ ਗੁਰੀਲਾ ਫੋਰਸ ਗੁਆਂਢੀ ਦੇਸ਼ਾਂ ਵਿਚ ਚਿੱਟੀ ਸਰਕਾਰ ਦੇ ਵਿਰੁਧ ਗੁਰੀਲਾ ਲੜਾਈ ਲੜ ਰਹੀ ਹੈ। ਸੰਨ 1960 ਵਿਚ ਸ਼ਾਰਪਵਿਲ ਦੀ ਘਟਨਾ ਤੋਂ ਬਾਅਦ ਕਾਲੇ ਲੋਕਾਂ ਵਲੋਂ ਅਪਾਰਥਾਈਡ ਦਾ ਵਿਰੋਧ ਬਹੁਤ ਘੱਟ ਗਿਆ। ਰਾਜਨੀਤ੍ਰਕ ਸਰਗਰਮੀ ਵੀ ਘੱਟੀ। ਖੜੋਤ ਨੂੰ ਤੋੜਣ ਲਈ **ਸਟੀਵ ਬੀਕੋ** ਦੀ ਅਗਵਾਈ ਹੇਠ 'ਕਾਲੀ ਚੇਤਨਾ ਲਹਿਰ' ਹੋਂਦ ਵਿਚ ਆਈ। ਬੀਕੋ ਦਾ ਖਿਆਲ ਸੀ ਕਿ ਇਸ ਖੜੋਤ ਵਿਚੋਂ ਨਿਕਲਕੇ ਆਜ਼ਾਦੀ ਦੀ ਲੜਾਈ ਤਾਂ ਹੀ ਲੜੀ ਜਾ ਸਕਦੀ ਹੈ ਜੇ ਕਾਲੇ ਲੋਕਾਂ ਦੇ ਮਨਾਂ ਅੰਦਰ ਇਕ ਖਾਸ ਤਰ੍ਹਾਂ ਦਾ ਸੰਕਲਪ ਭਰਿਆ ਜਾ ਸਕੇ। ਉਹਨਾਂ ਨਾਅਰਾ ਦਿੱਤਾ 'Black Man, You Are On Your Own' ਇਸ ਨਾਅਰੇ ਪਿੱਛੇ ਉਸ ਦਾ ਭਾਵ ਸੀ ਕਿ ਕਾਲੇ ਲੋਕਾਂ ਦੀ ਮੁਕਤੀ ਲਈ ਜਿੰਨਾਂ ਚਿਰ ਕਾਲੇ ਲੋਕ ਆਪ ਨਹੀਂ ਖੜਦੇ ਉਨਾਂ ਚਿਰ ਉਹ ਮੁਕਤੀ ਨਹੀਂ ਪਾ ਸਕਦੇ। ਸੰਨ 1968 ਵਿਚ ਸਟੀਵ ਬੀਕੋ ਗਿਰਫਤਾਰ ਕਰ ਲਿਆ ਗਿਆ ਅਤੇ ਸਤੰਬਰ 1977 ਵਿਚ ਪੁਲੀਸ ਹਿਰਾਸਤ ਵਿਚ ਵਹਿਸ਼ੀ ਤਸ਼ੱਦਦ ਕਾਰਨ ਸ਼ਹੀਦ ਹੋ ਗਿਆ। ਵਿਦਿਆਰਥੀ ਜਥੇਬੰਦੀ ਵਿਚ ਚਿਟੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਅਪਣੀ ਇਕਮੁੱਠਤਾ ਵਿਖਾਈ। ਕਾਲਿਆਂ ਦੇ ਹੱਕ ਦੀ ਲੜਾਈ ਵਿਚ ਉਸ ਤਰ੍ਹਾਂ ਵੀ ਚਿਟੇ ਬਹੁਤ ਸਾਰੇ ਪਾਦਰੀ ਸ਼ਾਮਿਲ ਹਨ, ਜੋ ਸਮਝਦੇ ਹਨ ਕਿ ਦਖਣੀ ਅਫਰੀਕਾ ਦੀ ਸਰਕਾਰ ਮਨੁੱਖਤਾ ਦੇ ਨਾਂ ਤੇ ਧੱਬਾ ਹੈ।

ਦੱਖਣੀ ਅਫਰੀਕਾ ਦੀ ਨਸਲੀ ਵਿਤਕਰੇ ਵਾਲੀ ਸਰਕਾਰ ਵਿਰੁਧ ਦੁਨੀਆਂ ਭਰ ਦੀਆਂ ਸਰਕਾਰਾਂ ਆਵਾਜ਼ ਉਠਾਂਦੀਆਂ ਹਨ ਭਾਵੇਂ ਉਹਨਾਂ ਵਿਚ ਆਪ ਬਹੁਤੀ ਸੁਹਿਰਦਤਾ ਨਹੀਂ। ਇਹ ਆਵਾਜ਼ ਉਠਾਉਣ ਵਾਲੀਆਂ ਸਰਕਾਰਾਂ ਵਿਚ ਉਹ ਵੀ ਸਰਕਾਰਾਂ ਸ਼ਾਮਿਲ ਹਨ ਜਿਨ੍ਹਾਂ ਦੇ ਅਪਣੇ ਦੇਸ਼ਾਂ 'ਚ ਵੀ ਨਸਲੀ ਵਿਤਕਰਾ ਹੈ। ਇਹ ਆਵਾਜ਼ ਉਠਾਉਣ ਵਾਲਿਆਂ ਵਿਚ ਭਾਰਤੀ ਸਰਕਾਰ ਵੀ ਸ਼ਾਮਿਲ ਹੈ, ਜਿਸਦਾ ਆਪਣਾ ਰੀਕਾਰਡ ਆਪਣੇ ਲੋਕਾਂ ਉੱਪਰ ਜੱਬਰ ਢਾਹੁਣ ਦੇ ਲਿਹਾਜ਼ ਨਾਲ ਕੋਈ ਚੰਗਾ ਨਹੀਂ। ਜੇ ਅਫ਼ਰੀਕਾ ਦੀ ਸਰਕਾਰ ਬੈਨਜੇਮਨ ਮੋਲੋਸੀ ਵਰਗੇ ਸ਼ਾਇਰਾਂ ਨੂੰ ਫ਼ਾਂਸੀ ਚੜ੍ਹਾਉਂਦੀ ਹੈ ਤਾਂ ਹਿੰਦੋਸਤਾਨ ਵਿਚ ਵੀ ਸਰਕਾਰ ਦੀ ਸ਼ਹਿ ਤੇ ਡਾਕਟਰ ਰਾਮਾਨਾਥਨ ਵਰਗੇ ਦਿਨ ਦਿਹਾੜੇ ਕਤਲ ਕੀਤੇ ਜਾ ਸਕਦੇ ਹਨ। ਇਸੇ ਲਈ ਦਖਣੀ ਅਫਰੀਕਾ ਦੀ ਸਰਕਾਰ ਇਹਨਾਂ ਸਰਕਾਰਾਂ ਦੀ ਕਥਿਤ ਆਵਾਜ਼ ਦੀ ਕੋਈ ਪਰਵਾਹ ਨਹੀਂ ਕਰਦੀ। ਇਸਦੇ ਉਲਟ ਲੋੜ ਹੈ ਕਿ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਹਰ ਦੇਸ਼ ਵਿਚ ਲਾਮ ਬੰਦ ਕੀਤਾ ਜਾਏ ਤਾਂ ਜੋ ਗ਼ੈਰ ਮਨੁੱਖੀ ਤੱਤਾਂ ਨੂੰ ਖਤਮ ਕੀਤਾ ਜਾ ਸਕੇ। ਜੇਲ੍ਹ ਵਿਚ ਤਸੀਹੇ ਭੋਗ ਰਹੇ **ਨੈਲਸਨ ਮੰਡੇਲਾ** ਪੁਲਸ ਅਤਿਆਚਾਰ ਵਿਚ ਸ਼ਹੀਦ ਹੋਏ **ਬੀਕੋ** ਅਤੇ ਫਾਂਸੀ ਦੇ ਤਖਤੇ ਤੇ ਸ਼ਹਾਦਤ ਪਾਉਣ ਵਾਲੇ ਸ਼ਾਇਰ **ਬੈਨਜੇਮਨ ਮੋਲੋਸੀ** ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ। ०० 

---

੦ ਪੰਜਾਬ ਦੀ ਆਰਥਕਤਾ ਖੇਤੀ ਉਤੇ ਖੜੀ ਹੈ। ਪਰ ਜੋ ਬੇਅਦਬੀ ਇਸ ਵਾਰ ਝੋਨੇ ਦੀ ਫਸਲ ਦੀ ਹੋਈ ਹੈ, ਉਹ ਨੌਕਰਸ਼ਾਹੀ ਦੀ ਨਲਾਇਕੀ ਦੀ ਇਕ ਭੱਦੀ ਮਿਸਾਲ ਹੈ। ਜਦ ਪਤਾ ਹੈ ਕਿ ਮਿਥੇ ਸਮੇਂ ਤੇ ਫਸਲ ਮਡੀ ਵਿਚ ਆਉਣੀ ਹੈ ਤਾਂ ਇਹਦਾ ਭਾਅ ਜੋ ਵੀਹ ਦਿਨ ਬਾਅਦ ਵਿਚ ਤਹਿ ਕੀਤਾ ਜਾਂਦਾ ਹੈ, ਉਹ ਪਹਿਲੇ ਕਿਉਂ ਨਹੀਂ ਤਹਿ ਕੀਤਾ ਜਾ ਸਕਦਾ? ਇਸੇ ਤਰ੍ਹਾਂ ਸਰਕਾਰ ਦੀਆਂ ਖ੍ਰੀਦ ਏਜੰਸੀਆਂ ਪਹਿਲੋਂ ਕਿਉਂ ਨਹੀਂ ਤਿਆਰ ਰੱਖੀਆਂ ਜਾ ਸਕਦੀਆਂ ਕਿ ਉਹ ਫਸਲ ਮੰਡੀ ਵਿਚ ਆਉਣ ਤੇ ਹੀ ਇਕਦਮ ਖ੍ਰੀਦ ਸਕਣ ਤੇ ਇਹ ਕਿਉਂ ਨਹੀਂ ਪਲੈਨ ਕੀਤਾ ਜਾ ਸਕਦਾ ਕਿ ਖ੍ਰੀਦ ਦੇ ਬਾਅਦ ਫਸਲ ਨੂੰ ਇਕਦਮ ਗੁਦਾਮਾਂ ਵਿਚ ਭੇਜਿਆ ਜਾ ਸਕੇ। ਇਹ ਸਰਕਾਰੀ ਖ੍ਰੀਦ ਏਜੰਸੀਆਂ ਦੇ ਵੱਡੇ ਵੱਡੇ ਡਾਇਰੈਕਟਰ ਹਨ, ਜੋ ਹਜ਼ਾਰਾਂ ਰੁਪਏ ਤਨਖਾਹ ਲੈਂਦੇ ਹਨ। ਅਫ਼ਸਰਾਂ ਦਾ ਇਕ ਵੱਡਾ ਲਾਣਾ ਹੈ, ਜੇਕਰ ਇਹ ਏਨਾਂ ਵੀ ਨਹੀਂ ਕਰ ਸਕਦੇ ਤਾਂ ਉਹਨਾਂ ਨੇ ਹੋਰ ਕਿਹੜੀਆਂ ਕਹੀਆਂ ਚਲਾਉਣੀਆਂ ਹਨ? ਆੜਤੀਆ ਅਤੇ ਸ਼ੈਲਰ ਵਾਲਿਆਂ ਨੇ ਕਿਸਾਨਾਂ ਦੀ ਇਕ ਪਾਸੇ ਛਿੱਲ ਲਾਹੀ ਹੈ ਤੇ ਦੂਜੇ ਪਾਸੇ ਉਹਨਾਂ ਨੂੰ ਇਨਸਪੈਕਟਰਾਂ ਨੇ ਜ਼ਲੀਲ ਕੀਤਾ ਹੈ। ਸਮਾਂ ਆ ਗਿਆ ਹੈ ਇਸ ਅਫਸਰਸ਼ਾਹੀ ਨੂੰ ਪੂਰੀ ਤਰ੍ਹਾਂ ਨਸ਼ਰ ਕੀਤਾ ਜਾਏ। ਇਹ ਕਹਿ ਕੇ ਕਿ ਇਹ ਤਾਂ ਸਾਰੇ ਸਿਸਟਮ ਦੀ ਦੇਣ ਹਨ, ਇਨ੍ਹਾਂ ਦਾ ਕਸੂਰ ਛੋਟਾ ਕਰਕੇ ਨਹੀਂ ਦੇਖਿਆ ਜਾ ਸਕਦਾ ਤੇ ਨਾ ਹੀ ਇਹਨਾਂ ਨੂੰ ਮੁਆਫ ਕੀਤਾ ਜਾ ਸਕਦਾ ਹੈ।

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਅਨੰਦਪੁਰ ਵਿਚ ਪੁਲਸ ਵਰਤਾਰੇ ਬਾਰੇ ਮੁੱਖ ਮੰਤਰੀ ਨੂੰ ਚਿੱਠੀ

ਸੇਵਾ ਵਿਖੇ,

ਸ. ਸੁਰਜੀਤ ਸਿੰਘ ਬਰਨਾਲਾ,
ਮੁੱਖ ਮੰਤਰੀ, ਪੰਜਾਬ.।

ਸ੍ਰੀ ਮਾਨ ਜੀ

ਮੈਂ ਆਪ ਜੀ ਦਾ ਧਿਆਨ 29 ਸਤੰਬਰ ਅਨੰਦਪੁਰ ਸਾਹਿਬ ਵਾਪਰੀ ਇਕ ਘਟਨਾ ਵੱਲ ਦਿਵਉਣਾ ਚਾਹੁੰਦਾ ਹਾਂ। ਪਲਸ ਮੰਚ ਵਲੋਂ ਇਸ ਦਿਨ ਇਕ ਵੱਡਾ ਸਭਿਆਚਾਰਕ ਪ੍ਰੋਗਰਾਮ ਅਨੰਦਪੁਰ ਸਾਹਿਬ ਹੋਣਾ ਮਿਥਿਆ ਹੋਇਆ ਸੀ, ਜਿਸ ਵਿਚ ਪੰਜਾਬ ਭਰ ਦੀਆ ਸਭਿਆਚਾਰਕ ਟੀਮਾਂ ਨੇ ਹਿੱਸਾ ਲੈਣਾ ਸੀ। 26 ਸਤੰਬਰ ਸਾਰੇ ਰੋਪੜ ਜ਼ਿਲੇ ਵਿਚ ਦਫਾ 144 ਲਗ ਗਈ, ਜਿਸ ਬਾਰੇ ਪ੍ਰਬੰਧਕ ਸਾਥੀਆਂ ਨੂੰ ਜਾਣਕਾਰੀ ਨਹੀਂ ਸੀ। ਇਸ ਕਰਕੇ ਉਹ ਪ੍ਰੋਗਰਾਮ ਕਰਨ ਦੀ ਪੁਲਸ ਵਲੋਂ ਮਨਾਹੀ ਕਰ ਦਿੱਤੀ ਗਈ। ਅਨੰਦਪੁਰ ਪੁੱਜਣ ਤੇ ਮੈਂ ਐਸ. ਡੀ. ਐਮ. ਸਾਹਿਬ ਨੂੰ ਇਸ ਬਾਰੇ ਮਿਲਿਆ ਪਰ ਉਹਨਾਂ ਨੇ ਵੀ ਆਪਣੀ ਮਜਬੂਰੀ ਦੱਸੀ। ਪੰਜਾਬ ਭਰ ਤੋਂ ਸਾਰੀਆਂ ਡਰਾਮਾ ਤੇ ਸੰਗੀਤ ਟੀਮਾਂ ਕਿਉਂਕਿ ਪਹੁੰਚ ਚੁਕੀਆਂ ਸਨ ਤੇ ਸ਼ਾਮ ਨੂੰ ਵਾਪਸ ਮੁੜਣ ਦਾ ਵੀ ਕੋਈ ਸਾਧਨ ਨਹੀਂ ਸੀ, ਇਸ ਕਰਕੇ ਅਸੀਂ ਇਕ ਪ੍ਰਾਈਵੇਟ ਚਾਰ ਦੀਵਾਰੀ ਵਾਲੇ ਖਾਲੀ ਖੋਲੇ ਵਿਚ ਦਰੀਆਂ ਵਿਛਾਕੇ ਆਪਸ ਵਿਚ ਹੀ ਬਗੈਰ ਲਾਊਡ ਸਪੀਕਰ ਦੇ ਪ੍ਰੋਗਰਾਮ ਕਰਨਾ ਮਿੱਥ ਲਿਆ ਤਾਂ ਜੋ ਇਕ ਦੂਜੇ ਦੇ ਆਈਟਮ ਦੇਖ ਕੇ ਅਪਣੇ ਤਜਰਬੇ ਸਾਂਝੇ ਕਰ ਸਕੀਏ। ਸ਼ਾਮ ਦਾ ਵੇਲਾ ਸੀ, ਅਸੀਂ ਚਾਲ੍ਹੀ ਕੁ ਲੋਕ ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਿਲ ਸਾਂ, ਜਦੋਂ ਬੈਠੇ ਅਪਣਾ ਪ੍ਰੋਗਰਾਮ ਕਰ ਰਹੇ ਸਾਂ ਤਾਂ ਪੁਲਸ ਦੀ ਇਕ ਧਾੜ ਨੇ ਕੰਧਾਂ ਟੱਪਕੇ ਸਾਡੇ ਉਤੇ ਅਚਾਨਕ ਲਾਠੀਆਂ ਨਾਲ ਹਮਲਾ ਕਰ ਦਿੱਤਾ। ਬਹੁ-ਤਿਆਂ ਨੇ, ਜਿਧਰ ਰਾਹ ਲੱਭਾ। ਦੌੜਕੇ ਆਪਣੀ ਜਾਨ ਬਚਾਈ। ਮੈਂ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਅਤੇ ਜੈ ਦੇਵ ਦਿਲਬਰ ਉਥੇ ਖੜੇ ਰਹੇ। ਐਸ. ਐਚ. ਓ ਨੂੰ ਜਦੋਂ ਮੈਂ ਇਹ ਪੁੱਛਿਆ ਕਿ ਸਾਰੀ ਕਾਰਵਾਈ ਕਿਉਂ ਕੀਤੀ ਗਈ ਹੈ, ਤਾਂ ਉਸ ਕਿਹਾ ਕਿ ਥਾਨੇ ਜਾਕੇ ਦਸਾਂਗਾ। ਮੈਂ ਕਿਹਾ 'ਚਲੋ।' ਤੇ ਫੇਰ ਚਾਲੀ ਜਣੇ ਅਸੀਂ ਗਿਰਫ-ਤਾਰੀ ਦੇ ਰੂਪ ਵਿਚ ਤੇ ਸੌ ਕੁ ਪੁਲਸ ਵਾਲਿਆਂ ਦਾ ਜਲੂਸ ਥਾਣੇ ਪੁੱਜ ਗਿਆ। ਮੈਂ ਕਿਹਾ ਕਿ ਨਿੱਜੀ ਥਾਵਾਂ ਤੇ 144 ਲਾਗੂ ਨਹੀਂ ਹੁੰਦੀ। ਉਸਨੇ ਕਿਹਾ ਕਿ ਮਿਰਗ ਦੇ ਅਫਸੋਸ ਤੋਂ ਇਲਾਵਾ ਹਰ ਥਾਂ 5 ਬੰਦੇ ਇਕੱਠੇ ਹੋਣ ਦੀ ਮਨਾਹੀ ਹੈ। ਮੇਰੇ ਲਈ ਇਹ ਨਵੀਂ ਜਾਣਕਾਰੀ ਸੀ। ਖੈਰ ਉਹਦੇ ਇਹ ਕਹਿਣ ਤੇ ਕਿ ਬਿਨਾਂ ਵਾਰਨਿੰਗ ਦਿਤੇ ਉਹਦੇ ਸਿਪਾਹੀਆਂ ਦਾ ਲਾਠੀਚਾਰਜ ਕਰਨਾ ਗ਼ਲਤ ਸੀ ਤੇ ਮੇਰੇ ਇਹ ਕਹਿਣ ਤੇ ਕਿ ਇਕੱਠੇ ਬੈਠਨ ਤੋਂ ਪਹਿਲਾਂ ਇਹ ਗੱਲ ਪੁਲਸ ਅਫਸਰਾਂ ਦੇ ਨੋਟਿਸ ਵਿਚ ਲਿਆਉਣੀ ਚਾਹੀਦੀ ਸੀ, ਮਾਮਲਾ ਖਤਮ ਹੋ ਗਿਆ। ਪਰ ਇਸ ਬੇਵਜ੍ਹਾ ਲਾਠੀਚਾਰਜ ਕਰਕੇ ਕੁਝ ਬਚਿਆਂ ਅਤੇ ਹੋਰਨਾਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਤੇ ਪ੍ਰਸਿਧ ਲੇਖਕ ਗੁਰਬਖਸ਼ ਜੱਸ ਦੀ ਹੱਡੀ ਤੇ ਲਾਠੀ ਲਗਣ ਨਾਲ ਹੁਣ ਤਕ (ਵੀਹ ਦਿਨਾਂ ਦੇ ਬਾਅਦ ਵੀ) ਹੱਡੀ ਦੀ ਸੋਜ ਅਤੇ ਅਸਹਿ ਪੀੜ ਨਹੀਂ ਗਈ। ਇਹ ਘਟਨਾ 29 ਸਤੰਬਰ ਉਸ ਵੇਲੇ ਵਾਪਰੀ ਜਦੋਂ ਤੁਸੀਂ ਚੰਡੀਗੜ ਆਪਣੀ ਵਜ਼ਾਰਤ ਦੀ ਸੌਂਹ ਚੁੱਕ ਰਹੇ ਸੀ। ਪਿਛਲੇ ਸਮੇਂ ਵਿਚ ਤੁਸੀਂ ਵੀ ਤੇ ਤੁਹਾਡੇ ਸਮਰਥਕਾਂ ਨੇ ਇਸੇ ਪੁਲਸ ਦੇ ਅਣਮਨੁੱਖੀ ਵਰ-ਤਾਰੇ ਕਰਕੇ ਬੜੀਆਂ ਤਕਲੀਫਾਂ ਭੁਗਤੀਆਂ ਹਨ। ਐਸ. ਐਚ. ਓ. ਨੇ ਭਾਵੇਂ ਬਾਅਦ ਵਿਚ ਇਹ ਮੰਨਿਆਂ ਕਿ ਇਹ ਸਾਰਾ ਕੁਝ ਉਸਨੂੰ ਗ਼ਲਤ ਰੀਪੋਰਟ ਮਿਲਣ ਕਰਕੇ ਹੋਇਆ ਹੈ, ਪਰ ਇਹ ਲਾਠੀਆਂ ਦੀਆਂ ਸੱਟਾਂ ਦੀ ਪੀੜ ਭੁਲਾਈ ਨਹੀਂ ਜਾ ਸਕਦੀ। ਪੁਲਸ ਦੀ ਜ਼ਹਿਨੀਅਤ ਬਦਲਣ ਲਈ ਤੁਹਾਡੇ ਵਲੋਂ ਠੋਸ ਕਦਮ ਚੁਕੇ ਜਾਣੇ ਜ਼ਰੂਰੀ ਹਨ।

—ਗੁਰਸ਼ਰਨ ਸਿੰਘ ਨਾਟਕਕਾਰ
ਪ੍ਰਧਾਨ ਪਲਸ ਮੰਚ

ਕਾਪੀ : ਐਸ. ਐਸ. ਪੀ. ਰੋਪੜ ਨੂੰ ਭੇਜੀ ਜਾ ਰਹੀ ਹੈ।

---

## ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਭੀਖੀ ਵਿਖੇ
## ਵਿਸ਼ਾਲ ਸਾਹਿਤਕ ਸਭਿਆਚਾਰਕ ਪ੍ਰੋਗਰਾਮ

**ਐਤਵਾਰ 10 ਨਵੰਬਰ 1985 ਨੂੰ ਸਰਕਾਰੀ ਹਾਈ ਸਕੂਲ, ਭੀਖੀ ਵਿਖੇ ਹੋਵੇਗਾ।**

ਜਿਸ ਵਿਚ ਪਹਿਲੇ ਸਮਾਗਮ ਵਿਚ 'ਵਿਰਸੇ ਦੀ ਸਾਹਿਤ ਅਤੇ ਸਭਿਆਚਾਰ ਵਿਚ ਭੂਮਿਕਾ' ਬਾਰੇ ਵਿਚਾਰ ਗੋਸ਼ਟੀ ਹੋਵੇਗੀ।

ਰਾਤ ਦੇ ਸਮਾਗਮ ਵਿਚ ਨਾਟਕ ਅਤੇ ਗੀਤਾਂ ਦਾ ਵੱਡਾ ਪ੍ਰੋਗਰਾਮ ਹੋਵੇਗਾ, ਜਿਸ ਵਿਚ ਪੰਜਾਬ ਭਰ ਦੀਆਂ ਟੀਮਾਂ ਹਿੱਸਾ ਲੈਣਗੀਆਂ।

**ਗੁਰਸ਼ਰਨ ਸਿੰਘ**
ਪ੍ਰਧਾਨ ਕ੍ਰਾਂਤੀਕਾਰੀ ਸਾਹਿਤ ਸਭਾ

**ਬਾਰੂ ਸਤਵਰਗ**
ਜ. ਸ. ਕ੍ਰਾਂਤੀਕਾਰੀ ਸਾਹਿਤ ਸਭਾ

# ਆਂਧਰਾ ਪ੍ਰਦੇਸ਼ ਵਿਚ ਦਮਨ ਦਾ ਚੱਕਰ

## ਆਂਧਰਾ ਵਿਚ ਡਾ. ਰਾਮਾਨਾਥਮ ਦਾ ਕਤਲ—ਲੋਕ ਤੰਤਰ ਦਾ ਕਤਲ

[ਇਹ ਲੇਖ ਸਮਿਟ੍ਰ ਕੋਠਾਰੀ ਦੀ ਉਸ ਰਿਪੋਰਤਾਜ ਉਤੇ ਅਧਾਰਤ ਹੈ ਜੋ ਉਸ ਨੇ ਆਂਧਰਾ ਪ੍ਰਦੇਸ਼ ਵਿਚ ਲੋਕਾਂ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਲਈ ਸਰਕਾਰ ਵਲੋਂ ਚਲਾਏ ਗਏ ਦਮਨ-ਚੱਕਰ ਸਬੰਧੀ ਪੇਸ਼ ਕੀਤੀ ਹੈ ]

ਡਾ. ਏ. ਰਾਮਾਨਾਥਮ ਆਂਧਰਾ ਪ੍ਰਦੇਸ਼ ਦੇ ਵਾਰੰਗਲ ਸ਼ਹਿਰ ਵਿਚ ਬੱਚਿਆਂ ਦੀਆਂ ਬੀਮਾਰੀਆਂ ਦਾ ਮਾਹਿਰ ਡਾਕਟਰ ਸੀ ਤੇ ਸ਼ਹਿਰੀ ਆਜ਼ਾਦੀਆਂ ਲਈ ਜੂਝਣ ਵਾਲਾ ਇਕ ਵੱਡਾ ਕਾਰਕੁੰਨ ਸੀ। 3 ਸਤੰਬਰ 1985 ਨੂੰ ਸ਼ਹਿਰ ਦੀ ਮੁੱਖ ਸੜਕ ਉਤੇ ਸਥਿਤ ਉਹਦੇ ਕਲੀਨਿਕ ਵਿਚ ਵੀਹ ਪੁਲਸੀਏ, ਜਿਨ੍ਹਾਂ ਵਿਚ ਅੱਧੇ ਵਰਦੀਧਾਰੀ ਸਨ, ਆਏ। ਇਹ ਪੁਲਸੀਏ ਉਸ ਜਲੂਸ ਦਾ ਹਿੱਸਾ ਸਨ ਜੋ ਸਬ-ਇਨਸਪੈਕਟਰ ਯਾਦਗਿਰੀ ਰੈਡੀ ਦੀ ਅਰਥੀ ਨਾਲ ਜਾ ਰਿਹਾ ਸੀ। ਯਾਦਗਿਰੀ ਰੈਡੀ ਨੂੰ ਪਿਛਲੇ ਦਿਨ ਕਿਸੇ ਅਣਪਛਾਤੇ ਵਿਅਕਤੀਆਂ ਨੇ ਕਤਲ ਕਰ ਦਿਤਾ ਸੀ। ਡਾਕਟਰ ਦੇ ਕਲੀਨਿਕ ਦਾ ਬੂਹਾ ਤੋੜ ਕੇ ਹਜੂਮ ਨੇ ਪਹਿਲਾਂ ਤਾਂ ਕੰਪਾਊਡਰ ਨੂੰ ਅਤੇ ਕਈ ਮਰੀਜ਼ਾਂ ਨੂੰ ਕੁੱਟਿਆ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਉਹਨਾਂ ਦੀਆਂ ਮਾਵਾਂ ਸਨ—ਤੇ ਫੇਰ ਹਜੂਮ ਨੇ ਗੁਆਂਢੀ ਦੀ ਦੁਕਾਨ ਤਕ ਭਜਦੇ ਡਾਕਟਰ ਰਾਮਾਨਾਥਮ ਦਾ ਪਿੱਛਾ ਕੀਤਾ ਤੇ ਫੇਰ ਉਹਨੂੰ ਬਹੁਤ ਨੇੜਿਉਂ ਗੋਲੀ ਮਾਰ ਦਿੱਤੀ।

—ਸ਼ਹਿਰੀ ਅਜ਼ਾਦੀਆਂ ਤੇ ਲੋਕਾਂ ਦੇ ਜਮਹੂਰੀ ਹੱਕਾਂ ਲਈ ਜੂਝਦੇ ਲੀਡਰ ਦਾ ਕਤਲ ਕੋਈ ਨਿੱਜੀ ਬਦਲੇ ਦੀ ਕਾਰਵਾਈ ਨਹੀਂ ਸੀ, ਸਗੋਂ ਆਂਧਰਾ ਪ੍ਰਦੇਸ਼ ਵਿਚ ਦਮਨ ਦੇ ਇਤਿਹਾਸ ਵਿਚ ਇਹ ਇਕ ਬਹੁਤ ਹੀ ਸੰਗੀਨ ਰੁਝਾਨ ਹੈ ਜਿਸ ਵਿਚ ਸਰਕਾਰੀ ਹਿੰਸਾ ਦੇ ਘਟੋ ਘੱਟ 'ਕੋਡ' ਨੂੰ ਵੀ ਬੜੀ ਬੇਸ਼ਰਮੀ ਨਾਲ ਤੋੜਿਆ ਗਿਆ। ਵੈਸੇ ਤਾਂ ਪਿਛਲੇ ਨੌਂ ਮਹੀਨਿਆਂ ਤੋਂ ਹੀ ਸ਼ਹਿਰੀ ਅਜ਼ਾਦੀਆਂ ਲਈ ਸੰਘਰਸ਼ ਕਰਦੇ ਲੋਕਾਂ ਉਤੇ ਤਰ੍ਹਾਂ ਤਰ੍ਹਾਂ ਦੇ ਹਮਲੇ ਹੁੰਦੇ ਆ ਰਹੇ ਹਨ ਪਰ ਡਾਕਟਰ ਰਾਮਾਨਾਥਮ ਦੇ ਕਤਲ ਨੇ ਹਿੰਦੁਸਤਾਨ ਭਰ ਦੇ ਲੋਕਾਂ ਨੂੰ ਗਹਿਰਾ ਦੁੱਖ ਤੇ ਸਦਮਾ ਪਹੁੰਚਾਇਆ ਹੈ। ਆਂਧਰਾ ਪ੍ਰਦੇਸ਼-ਵਿਧਾਨ ਸਭਾ ਦੇ 23 ਮੈਂਬਰਾਂ ਨੇ ਜਿਨ੍ਹਾਂ ਵਿਚ ਕੁਝ ਰਾਜ ਕਰ ਰਹੀ ਪਾਰਟੀ ਦੇ ਐਮ. ਐਲ. ਏ. ਵੀ ਹਨ, ਇਸ ਕਤਲ ਦੀ ਨਿਆਇਕ ਜਾਂਚ ਕਰਾਉਣ ਦੀ ਮੰਗ ਕੀਤੀ ਹੈ ਪਰ ਸਰਕਾਰ ਨੇ ਇਹ ਮੰਗ ਇਹ ਕਹਿ ਕੇ ਠੁਕਰਾ ਦਿਤੀ ਹੈ ਕਿ ਸੀ. ਆਈ. ਡੀ. ਵਲੋਂ ਜਾਂਚ ਦਾ ਹੁਕਮ ਦੇ ਦਿਤਾ ਜਾਵੇਗਾ। ਡਾਕਟਰ ਰਾਮਾਨਾਥਮ ਕਿੰਨੇ ਹਰਮਨ ਪਿਆਰੇ ਸਨ, ਇਸਦਾ ਪਤਾ ਇਸ ਤੱਥ ਤੋਂ ਲਗਦਾ ਹੈ ਕਿ ਦਫ਼ਾ 144 ਲਗਣ ਦੇ ਬਾਵਜੂਦ ਵੀ ਉਹਨਾਂ ਦੀ ਅਰਥੀ ਉਤੇ 10 000 ਲੋਕ ਇਕੱਠੇ ਹੋਏ। ਇਸ ਜਲੂਸ ਵਿਚ ਉਹਨਾਂ ਪੁਲਸੀਆਂ ਦੀਆਂ ਪਤਨੀਆਂ ਵੀ ਸਨ ਜਿਨ੍ਹਾਂ ਦੇ ਬੱਚਿਆਂ ਦਾ ਇਲਾਜ ਡਾਕਟਰ ਰਾਮਾਨਾਥਮ ਨੇ ਕੀਤਾ ਸੀ। ਆਂਧਰਾ ਪੁਲਸ ਦੇ ਮੂੰਹ ਤੇ ਇਸ ਤੋਂ ਵੱਡੀ ਚਪੇੜ ਕੀ ਹੋ ਸਕਦੀ ਹੈ ?

ਆਂਧਰਾ ਸਰਕਾਰ ਵਲੋਂ ਜਮਹੂਰੀ ਅਧਿਕਾਰਾਂ ਲਈ ਲੜ ਰਹੀਆਂ ਜੱਥੇਬੰਦੀਆਂ ਦੇ ਵਰਕਰਾਂ ਉਤੇ ਹਮਲਾ ਇਸ ਸਬੰਧ ਵਿਚ ਰਾਸ਼ਟਰੀ ਪੱਧਰ ਤੇ ਹੋ ਰਹੇ ਹਮਲਿਆਂ ਦਾ ਹੀ ਅਕਸ ਹੈ। ਰਾਜ ਕਰ ਰਹੀ ਪਾਰਟੀ ਦੇ ਸ੍ਰੀ ਕਾਂਤ ਵਰਮਾ ਵਰਗੇ ਨੇਤਾਵਾਂ ਵਲੋਂ PUCL ਤੇ P.U.D.R. ਵਰਗੀਆਂ ਜਥੇਬੰਦੀਆਂ ਉਤੇ ਤਿਖੇ ਹਮਲੇ ਆਉਣ ਵਾਲੇ ਭੈੜੇ ਸਮੇਂ ਦੇ ਗੰਭੀਰ ਸੂਚਕ ਹਨ। ਇਹ ਹਮਲਾ 'ਸਿਟੀਜ਼ਨ ਫਾਰ ਡੈਮੋਕਰੇਸੀ' ਉਤੇ ਵੀ ਹੋਇਆ ਕਿਉਂਕਿ ਇਸ ਜਥੇਬੰਦੀ ਨੇ ਸਟੇਟ ਵਲੋਂ ਪੰਜਾਬ ਵਿਚ ਕੀਤੇ ਜ਼ੁਲਮ-ਤਸ਼ੱਦਦ ਦੀ ਵਿਸਥਾਰਤ ਰਿਪੋਰਟ ਛਾਪੀ ਸੀ। ਇਸ ਰਿਪੋਰਟ ਦੀਆਂ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ ਤੇ ਇਸ ਜਥੇਬੰਦੀ ਦੇ ਜਨਰਲ ਸਕੱਤਰ ਐਨ. ਡੀ. ਪੰਚੋਲੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਸ਼ਹੂਰ ਕਾਨੂੰਨ ਮਾਹਿਰ ਵੀ. ਐਮ. ਤਾਰਕੁੰਡੇ ਨੂੰ ਵੀ ਗ੍ਰਿਫਤਾਰ ਕਰਨ ਦੀ ਮੰਗ ਵਰਮਾ ਨੇ ਕੀਤੀ। ਜਮਹੂਰੀ ਜਥੇਬੰਦੀਆਂ ਉਤੇ ਇਸ ਤਰ੍ਹਾਂ ਦੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਰਾਜ ਕਰ ਰਹੀਆਂ ਸ਼ਕਤੀਆਂ ਅਤਿਵਾਦੀ ਕਾਰਵਾਈਆਂ ਅਤੇ ਸ਼ਹਿਰੀ-ਆਜ਼ਾਦੀਆਂ ਲਈ ਲੜੇ ਜਾਂਦੇ ਘੋਲਾਂ ਵਿਚਲੇ ਬੁਨਿਆਦੀ ਫਰਕ ਨੂੰ ਮਿਟਾ ਰਹੀਆਂ ਹਨ।

ਅੰਤਾਂ ਦੀ ਗਰੀਬੀ, ਅੰਤਾਂ ਦਾ ਪੁਲਸ ਤਸ਼ੱਦਦ, ਸਰਕਾਰੀ ਨਾਹਰੇ ਬਾਜ਼ੀ ਦਾ ਖੋਖਲਾਪਨ ਬਹੁਤ ਥੋੜੇ ਅਮੀਰਜ਼ਾਦਿਆਂ ਵਲੋਂ ਹਥਿਆਏ ਜਾਂਦੇ ਸਭ ਸੁੱਖ ਸਹੂਲਤਾਂ, ਸਰਕਾਰੀ ਦਮਨ ਤੇ ਪ੍ਰਬੰਧਕੀ ਅਲਗਾਵ—ਇਹ ਤਸਵੀਰ ਆਂਧਰ ਪ੍ਰਦੇਸ਼ ਦੀ ਹੈ। ਇਥੇ ਕਿੰਨੇ ਹੀ ਦਹਾਕਿਆਂ ਤੋਂ ਪੇਂਡੂ ਗਰੀਬ ਸਰਕਾਰ ਵਲੋਂ ਘੋਸ਼ਿਤ ਨੀਤੀਆਂ ਅਨੁਸਾਰ ਉਡੀਕ ਰਹੇ ਹਨ ਕਿ ਜ਼ਮੀਨੀ ਸੁਧਾਰਾਂ ਨੂੰ ਲਾਗੂ ਕੀਤਾ ਜਾਵੇ, ਘਟੋ ਘੱਟ ਨਿਸ਼ਚਿਤ ਮਜ਼ਦੂਰੀ ਦਿੱਤੀ ਜਾਵੇ—ਅੰਤਾਂ ਦੀ ਗਰੀਬੀ ਤੇ ਗੁਲਾਮੀ ਨੂੰ ਦੂਰ ਕੀਤਾ ਜਾਵੇ। ਤੇਲੰਗਾਨਾ ਵਿਚ ਘਟੋ ਘਟ

ਮਜ਼ਦੂਰੀ ਸਾਢੇ ਸੱਤ ਰੁਪਏ ਹੈ। ਪਰ ਅਸਲ ਵਿਚ ਔਰਤਾਂ ਦੀ ਦਿਹਾੜੀ ਦੋ ਤੋਂ ਪੰਜ ਰੁਪਏ ਚਲਦੀ ਹੈ—ਤੇ ਮਰਦਾਂ ਦੀ ਪੰਜ ਰੁਪਏ । ਇਹ ਲੋਕ ਘਟੋ ਘੱਟ ਨਿਸਚਿਤ ਮਜ਼ਦੂਰੀ ਲੈਣ ਲਈ ਤੇ ਜ਼ਮੀਨੀ ਸੁਧਾਰਾਂ ਲਈ ਜੁਥੇਬੰਦ ਹੋ ਰਹੇ ਹਨ।

—ਦੇਸ਼ ਦੇ ਹੋਰਨਾਂ ਭਾਗਾਂ ਵਾਂਗ ਕਾਨੂੰਨ ਤੇ ਸਰਕਾਰ ਇਥੇ ਵੀ ਸਰਕਾਰ ਸਮਾਜਕ-ਆਰਥਕ ਸੰਘਰਸ਼ਾਂ ਨੂੰ ਜੁਰਮ ਕਰਾਰ ਦਿੰਦੀ ਹੈ। ਇਹਨਾਂ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਰਾਜ ਸੱਤਾ ਲਈ ਖਤਰਾਂ ਸਮਝਿਆ ਜਾਂਦਾ ਹੈ ਤੇ ਉਹਨਾਂ ਉਤੇ ਕਈ ਤਰ੍ਹਾਂ ਦੇ ਦੋਸ਼ ਲਾ ਕੇ ਨਵੇਂ ਕੇਸ ਮੜ੍ਹ ਦਿਤੇ ਜਾਂਦੇ ਹਨ।

ਆਂਧਰਾ ਪ੍ਰਦੇਸ਼ ਵਿਚ ਮਨੁੱਖੀ ਜ਼ਿੰਦਗੀ ਪ੍ਰਤੀ ਕਿੰਨਾ ਕੁ ਸਤਿਕਾਰ ਦਿਖਾਇਆ ਜਾਂਦਾ ਹੈ ਇਸਦਾ ਪਤਾ ਇਸ ਤੱਥ ਤੋਂ ਲਗ ਜਾਂਦਾ ਹੈ ਕਿ 1977 ਤੋਂ ਹੁਣ ਤਕ ਵੱਖਰੀਆਂ ਵੱਖਰੀਆਂ ਸਰਕਾਰਾਂ ਵਲੋਂ 430 ਵਿਅਕਤੀਆਂ ਨੂੰ ਪੁਲਸ ਨੇ ਅਖੌਤੀ ਮੁਕਾਬਲਿਆਂ ਵਿਚ ਹਲਾਕ ਕਰ ਦਿਤਾ ਹੈ। ਸ਼ਹਿਰੀ ਅਜ਼ਾਦੀਆਂ ਦੇ ਕਾਰਕੁੰਨਾਂ ਦੀਆਂ ਗ੍ਰਿਫਤਾਰੀਆਂ ਤੇ ਉਹਨਾਂ ਨੂੰ ਤਸੀਹੇ ਦੇਣੇ ਇਕ ਸਧਾਰਨ ਗੱਲ ਹੋ ਕੇ ਰਹਿ ਗਈ ਹੈ । 1985 ਦੇ ਪਹਿਲੇ ਪੰਜ ਮਹੀਨਿਆਂ ਵਿਚ ਹੀ ਅਜਿਹੇ 33 ਕਾਰਕੁੰਨਾਂ ਪੁਲਸ ਹਿਰਾਸਤ ਵਿਚ ਜਾਂ ਝੂਠੇ ਪੁਲਸ ਮੁਕਾਬਲਿਆਂ ਵਿਚ ਖਤਮ ਕਰ ਦਿਤਾ ਗਿਆ ਹੈ। ਹੁਣੇ ਹੁਣੇ ਕਾਰਾਰੈਡੀ ਕਸਬੇ ਵਿਚ ਲੋਕਾਂ ਦੇ ਵਿਰੋਧ ਕਰਨ ਦੇ ਬਾਵਜੂਦ ਇਕ ਸਿਆਸੀ ਕਾਰਕੁੰਨ ਨੂੰ ਪੁਲਸ ਨੇ ਕੁੱਟ ਕੁੱਟ ਕੇ ਲੋਕਾਂ ਸਾਹਮਣੇ ਹੀ ਮਾਰ ਦਿਤਾ। ਗੈਰ-ਕਾਨੂੰਨੀ ਢੰਗ ਨਾਲ ਕਾਰਕੁੰਨਾਂ ਨੂੰ 6-6 ਮਹੀਨੇ ਨਜ਼ਰਬੰਦ ਰਖਣਾ, ਝੂਠੇ ਕੇਸ ਮੜ੍ਹਕੇ,ਪੁਲਸ ਵਲੋਂ ਜ਼ਬਰ-ਜਿਨਾਹ (ਸਮੁੰਦਰਾਲਿੰਗਾਪੁਰਮ ਦੀ ਸਟੱਕਾ ਨਾਲ ਉਹਦੇ ਦੋ ਪੁੱਤਰਾਂ ਸਾਹਮਣੇ ਇਕ ਪੁਲਸ ਸਬ-ਇਨਸਪੈਕਟ ਨੇ ਜਬਰ-ਜਿਨਾਹ ਕੀਤਾ) ਇਹ ਸਭ ਸਰਕਾਰੀ ਦਮਨ ਤੇ ਭੈਅ ਦੇ ਕੁਝ ਕੁ ਰੂਪ ਹਨ। ਖੰਮਮ, ਵਾਰੰਗਲ ਤੇ ਕਰੀਮਨਗਰ ਆਦਿ ਜ਼ਿਲੇ 1969 ਤੋਂ ਹੀ ਗੜਬੜ ਵਾਲੇ ਇਲਾਕੇ ਘੋਸ਼ਿਤ ਕੀਤੇ ਗਏ ਹਨ। ਇਹਨਾਂ ਦੇ 130 ਪਿੰਡਾਂ ਵਿਚ ਪੁਲਸ ਚੌਕੀਆਂ ਕਾਇਮ ਕੀਤੀਆਂ ਗਈਆਂ ਹਨ—ਜਿਨ੍ਹਾਂ ਦਾ ਮਨੋਰਥ ਤਾਂ ਜੁਰਮ ਰੋਕਣਾਂ ਹੈ ਪਰ ਇਹ ਵਰਤੀਆਂ ਜਾਂਦੀਆਂ ਹਨ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ। ਹਰ ਤਰਾਂ ਦੇ ਵਿਰੋਧ ਕਰਨ ਵਾਲਿਆਂ ਦੀ ਮਾਰ-ਧਿਟਾਈ ਹੁੰਦੀ ਹੈ ਤੇ ਉਹਨਾਂ ਦੀ ਜਾਇਦਾਦ ਤਬਾਹ ਕਰ ਦਿਤੀ ਜਾਂਦੀ ਹੈ। ਸਧਾਰਨ ਲੋਕਤੰਤਰ ਸਰਗਰਮੀਆਂ ਨੂੰ ਵੀ ਕੁਚਲ ਦਿਤਾ ਜਾਂਦਾ ਹੈ।ਸ਼ਾਂਤਮਈ ਜਲੂਸਾਂ ਤੇ ਮੀਟਿੰਗਾਂ 'ਤੇ ਸਖਤ ਪਾਬੰਦੀ ਹੈ। ਪ੍ਰਾਈਵੇਟ ਮਾਲਕਾਂ ਉਪਰ ਦਬਾਉ ਧਾਇਆ ਜਾਂਦਾ ਹੈ ਕਿ ਉਹ ਅਜਿਹੇ ਕੰਮਾਂ ਲਈ ਆਪਣੇ ਹਾਲ ਕਮਰੇ ਕਿਰਾਏ ਤੇ ਨਾ ਦੇਣ। ਘੋਸ਼ਿਤ ਕਾਨੂੰਨਾਂ ਤੇ ਨੀਤੀਆਂ ਨੂੰ ਲਾਗੂ ਨਾ ਕਰਨ ਦੇ ਵਿਰੁੱਧ ਇਸ਼ਤਿਹਾਰ ਲਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤੇ ਓਹਨਾਂ ਉਤੇ ਕਈ ਤਰ੍ਹਾਂ ਦੇ ਕੇਸ ਮੜ੍ਹ ਦਿਤੇ ਜਾਂਦੇ ਹਨ। ਛਾਪਾਖਾਨਿਆਂ ਨੂੰ ਸਖਤ ਹਿਦਾਇਤ ਹੈ ਕਿ ਉਹ ਅਜਿਹੇ ਇਸ਼ਤਿਹਾਰ ਤੇ ਪੈਂਫਲਿਟ ਨਾ ਛਾਪਣ। ਯੂਨੀਵਰਸਿਟੀਆਂ ਕਾਲਜਾਂ ਵਿਚ ਪੁਲਸ ਤਾਇਨਾਤ ਰਹਿੰਦੀ ਹੈ ਤੇ ਉਹਨਾਂ ਦੀਆਂ ਮੀਟਿੰਗਾਂ ਉਤੇ ਰੋਕ ਲਾਈ ਜਾਂਦੀ ਹੈ।

ਡਰ ਅਤੇ ਤਸ਼ੱਦਦ ਦੇ ਇਸ ਵਾਤਾਵਰਨ ਵਿਚ ਵਕੀਲਾਂ, ਪੱਤਰਕਾਰਾਂ, ਅਧਿਆਪਕਾਂ ਤੇ ਹੋਰ ਬੁੱਧੀਜੀਵੀਆਂ ਨੇ ਇਸਦੇ ਖਿਲਾਫ ਆਵਾਜ਼ ਉਠਾਈ । ਇਹਨਾਂ ਵਿਚੋਂ ਬਹੁਤ ਸਾਰੇ A.P.C.L.C. ਦੇ ਮੈਂਬਰ ਬਣ ਗਏ। 1973 ਵਿਚ ਸਥਾਪਤ ਇਸ ਜਥੇਬੰਦੀ ਦੇ ਪ੍ਰਧਾਨ ਹੈਦਰਾਬਾਦ ਦੇ ਇਕ ਵਕੀਲ ਕਾਨਾਬੀਰਨ ਹਨ ਜੋ P.U.C.L. ਦੇ ਵੀ ਰਾਸ਼ਟਰੀ ਜਥੇਬੰਦਕ ਸਕੱਤਰ ਹਨ । ਡਾਕਟਰ ਰਾਮਾਨਾਥਮ ਇਸ ਜੱਥੇਬੰਦੀ ਦੇ ਉਪ-ਪ੍ਰਧਾਨ ਸਨ।

AP.C.L.C. ਦੇਸ਼ ਭਰ ਵਿਚ ਸ਼ਹਿਰੀ ਅਜ਼ਾਦੀਆਂ ਲਈ ਸੰਘਰਸ਼ ਕਰ ਰਹੀਆਂ ਜੱਥੇਬੰਦੀਆਂ ਵਿਚੋਂ ਬਹੁਤ ਸਰਗਰਮ ਜੱਥੇਬੰਦੀ ਹੈ। ਇਸ ਜੱਥੇਬੰਦੀ ਨੇ ਪਿਛਲੇ ਦੋ ਸਾਲਾਂ ਵਿਚ ਇਸ ਜਥੇਬੰਦੀ ਨੇ ਵਿਜੇਵਾੜਾ ਦੀ ਕਥਿਤ ਵੇਸਵਾ ਦੀ ਪੁਲਸ ਹਿਰਾਸਤ ਵਿਚ ਹੋਈ ਮੌਤ ਤੋਂ ਲੈ ਕੇ ਗੁਦਾਵਰੀ ਘਾਟੀ ਦੇ ਆਦੀ ਵਾਸੀਆਂ ਨਾਲ ਕੀਤੀਆਂ ਵਧੀਕੀਆਂ ਤਕ, ਨਾਨ-ਗਜ਼ਟਿਡ ਅਫਸਰਾਂ ਦੀਆਂ ਹੱਕੀ ਮੰਗਾਂ ਤੋਂ ਲੈ ਕੇ ਰਾਮਾਰਾਓ ਸਰਕਾਰ ਦੀ ਗੈਰ-ਸੰਵਿਧਾਨਕ ਬਰਤਰਫੀ ਤਕ, ਹੈਦਰਾਬਾਦ ਦੀ ਰਾਮੀਜ਼ਾਬੀ ਨਾਲ ਨਾਲ ਬਲਾਤਕਾਰੀ ਤੋਂ ਲੈ ਕੇ ਤੇਲੰਗਾਨਾ ਦੇ ਸਿਆਸੀ ਕਾਰਕੁੰਨਾਂ ਉਪਰ ਤਸ਼ੱਦਦ ਤੇ ਉਹਨਾਂ ਦੇ ਕਤਲਾਂ ਤਕ ਦੇ ਕੇਸ ਲਏ ਹਨ ਤੇ ਇਹਨਾਂ ਨੂੰ ਇਨਸਾਫ ਦਵਾਉਣ ਲਈ ਸੰਘਰਸ਼ ਕੀਤਾ ਹੈ। ਇਸ ਸਾਰੇ ਸਿਲਸਿਲੇ ਵਿਚ A.P.C.L.C. ਨੇ ਸਰਕਾਰ ਦੀ ਨਾਰਾਜ਼ਗੀ ਸਹੇੜੀ ਹੈ। ਸਿੱਟੇ ਵਜੋਂ, ਇਸਦੇ ਮੈਂਬਰਾਂ ਨੂੰ ਨਜਾਇਜ਼ ਤੰਗ ਕੀਤਾ ਜਾਂਦਾ ਰਿਹਾ ਹੈ। ਪਰ ਅਜ ਕਲ ਤਾਂ ਇਹਨਾਂ ਉਪਰ ਹੋ ਰਹੇ ਮਾਰੂ ਹਮਲੇ ਜਮਹੂਰੀ ਲਹਿਰ ਲਈ ਵੱਡੀ ਚਿੰਤਾ ਦਾ ਵਿਸ਼ਾ ਹਨ। ਇਸ ਤੋਂ ਪਹਿਲਾਂ ਸਰਕਾਰ ਨੇ ਇਸ ਜਥੇਬੰਦੀ ਵਿਰੁੱਧ ਇਕ ਯੋਜਨਾਬੱਧ ਭੰਡੀ-ਪ੍ਰਚਾਰ ਦੀ ਮੁਹਿੰਮ ਚਲਾਈ ਸੀ ਕਿ ਇਹ ਜਥੇਬੰਦੀ ਰਾਸ਼ਟਰ ਵਿਰੋਧੀ ਹੈ, ਨਕਸਲਾਈਟਾਂ ਤੇ ਅਤਿਵਾਦੀਆਂ ਦੀ ਜਥੇਬੰਦੀ ਹੈ। ਆਂਧਰਾ ਸਰਕਾਰ ਨੇ ਪਿਛਲੇ ਦੋ ਸਾਲਾਂ ਤੋਂ ਵਾਰੰਗਲ, ਕਰੀਮਨਗਰ ਤੇ ਨੇਜ਼ੀਮਾਬਾਦ ਵਿਚ ਇਸ ਸੰਸਥਾ ਉਤੇ

ਮੀਟਿੰਗ ਕਰਨ ਤੇ ਪਾਬੰਦੀ ਲਾਈ ਹੋਈ ਹੈ। ਜਥੇਬੰਦੀ ਦੀ ਕਾਰਜਕਰਨੀ ਕਮੇਟੀ ਦੇ ਦੋ ਤਿਹਾਈ ਮੈਂਬਰ ਉਤੇ ਰਾਜ ਭਰ ਵਿਚ ਝੂਠੇ ਮੁਕੱਦਮੇ ਚਲ ਰਹੇ ਹਨ। ਇਸਤੋਂ ਵੀ ਗੰਭੀਰ ਗੱਲ ਇਹ ਕਿ ਇਸ ਸਾਲ ਜਨਵਰੀ ਤੋਂ ਇਹਦੇ ਮੈਂਬਰਾਂ ਤੇ ਸਿੱਧੇ ਮਾਰੂ ਹਮਲੇ ਕੀਤੇ ਜਾ ਰਹੇ ਹਨ।

ਗੋਪੀ ਰੱਮਨਾ ਜੋ ਪੇਸ਼ੇ ਵਜੋਂ ਵਕੀਲ ਹਨ ਤੇ A.P.C.L.C. ਦੇ ਜਾਗੀਤਿਆਲ ਯੂਨਿਟ ਦੇ ਪ੍ਰਧਾਨ ਸਨ, ਨੂੰ 12 ਜਨਵਰੀ 85 ਨੂੰ ਉਸ ਦੇ ਘਰ ਦੇ ਬੂਹੇ ਅਗੇ ਹੀ ਕਤਲ ਕਰ ਦਿਤਾ ਗਿਆ। ਜਦ ਉਹਨਾਂ ਦੀ ਪਤਨੀ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਹਨੂੰ ਬੁਰੀ ਤਰ੍ਹਾਂ ਕੁਟਿਆ ਮਾਰਿਆ ਗਿਆ। ਬਾਅਦ 'ਚ A.P.C.L.C. ਨੇ ਕਾਤਲਾਂ ਦੀ ਪਛਾਣ ਕੀਤੀ ਤੇ ਉਹਨਾਂ ਦੀ ਲਿਸਟ ਐਸ ਪੀ ਨੂੰ ਦਿਤੀ—ਇਹ ਕਾਤਲ ਆਰ. ਐਸ. ਐਸ ਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਸਬੰਧਤ ਸਨ। ਇਸ ਘਟਨਾ ਤੋਂ 9 ਮਹੀਨੇ ਬਾਅਦ ਅੱਜ ਤੱਕ ਇਸ ਸਬੰਧੀ ਕੋਈ ਐਕਸ਼ਨ ਨਹੀਂ ਲਿਆ ਗਿਆ। ਗੋਪੀ ਰਮਨਾ ਦਾ ਗੁਨਾਹ ਸਿਰਫ਼ ਏਨਾ ਸੀ ਕਿ ਉਸਨੇ ਵੱਡੇ ਜ਼ਿਮੀਦਾਰਾਂ, ਪੁਲਸ ਅਤੇ ਲੋਕਲ ਪ੍ਰਸ਼ਾਸਨ ਅਧਿਕਾਰੀਆਂ ਦੀ ਆਪਸੀ ਸਾਂਢ ਗਾਂਢ ਨੂੰ ਨੰਗਿਆ ਕੀਤਾ ਸੀ। ਬਹੁਤ ਸਾਰੇ ਜ਼ਿਮੀਦਾਰ ਤੇ ਸ਼ਰਾਬ ਦੇ ਠੇਕੇਦਾਰ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਹਨ ਜੋ A.P.L.C. ਨੂੰ ਆਪਣੀ ਸਮਾਜਕ ਤੇ ਆਰਥਕ ਸ਼ਕਤੀ (ਪੁਜ਼ੀਸ਼ਨ) ਲਈ ਖਤਰਾ ਸਮਝਦੀ ਹੈ। ਇਸ ਕਤਲ ਤੋਂ ਇਕ ਹਫਤਾ ਬਾਅਦ 18 ਜਨਵਰੀ ਨੂੰ ਹਥਿਆਰਬੰਦ ਪੁਲਸ ਨੇ ਤੇਲਗੂ ਰਸਾਲੇ 'ਸਰੂਜਨਾ' ਦੇ ਸੰਪਾਦਕ ਤੇ ਨਾਮਾਵਰ ਕਵੀ ਵਾਰਵਰਾ ਰਾਓ ਨੂੰ ਗ੍ਰਿਫਤਾਰ ਕਰ ਲਿਆ। ਰਾਓ ਨੇ ਸਿਰਫ਼ ਲੁੰਗੀ ਪਹਿਨੀ ਹੋਈ ਸੀ ਤੇ ਇਸੇ ਹਾਲਤ ਵਿਚ ਉਸਨੂੰ ਵਾਰੰਗਲ ਥਾਣੇ ਪੈਦਲ ਲੈ ਜਾਇਆ ਗਿਆ। ਬਾਅਦ ਵਿਚ ਡਾ. ਰਾਮਾਨਾਥਮ ਤੇ ਸੀਤਾਰਾਓ, ਵਾਰਾਵਰ ਰਾਓ ਦੀ ਜਾਨ ਬਾਰੇ ਚਿੰਤਤ ਹੋ ਕੇ ਐਸ. ਪੀ ਨੂੰ ਮਿਲੇ। ਉਥੇ ਉਹਨਾਂ ਦੋਵਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਬਾਅਦ 'ਚ ਇਕ ਪ੍ਰੈਸ ਕਾਨਫਰੰਸ ਵਿਚ ਸਾਢੇ ਚਾਰ ਵਜੇ ਐਸ. ਪੀ. ਨੇ ਦਸਿਆ ਕਿ ਇਹਨਾਂ ਤਿੰਨਾਂ ਵਿਅਕਤੀਆਂ ਨੂੰ ਸਿਰਫ਼ ਇਹਤਿਆਤੀ ਤੌਰ ਤੇ ਗ੍ਰਿਫਤਾਰ ਕੀਤਾ ਗਿਆ ਸੀ। ਪਰੰਤੂ FIR ਮੁਤਾਬਕ ਉਹਨਾਂ ਨੂੰ Explosive Act ਦੀ ਧਾਰਾ 4-5 ਹੇਠ ਗ੍ਰਿਫਤਾਰ ਕੀਤਾ ਗਿਆ ਦਿਖਾਇਆ ਸੀ। (ਵੱਡੇ ਪੁਲਸ ਅਫਸਰਾਂ ਨੂੰ ਅਜਿਹਾ ਝੂਠ ਬੋਲਣ ਦਾ ਸ਼ਾਇਦ ਪੂਰਾ ਅਧਿਕਾਰ ਹੈ) ਇਸ FIR ਮੁਤਾਬਿਕ ਵਾਰਵਰਾ ਰਾਓ ਦੇ ਘਰੋਂ ਦੋ ਦੇਸੀ ਪਸਤੌਲ ਮਿਲੇ ਤੇ ਪਹਿਲੀ ਰਾਤ ਇਹ ਤਿੰਨੇ ਵਿਅਕਤੀ ਉਸ ਘਰ ਵਿਚ ਹਾਜ਼ਰ ਸਨ ਜਿਥੇ ਇਕ ਸਰਕਲ ਇਨਸਪੈਕਟਰ ਨੂੰ ਕਤਲ ਕਰਨ ਲਈ ਇਨਕਲਾਬੀ ਵਿਦਿਆਰਥੀਆਂ ਨੂੰ ਬੰਬ ਦਿਤੇ ਗਏ ਸਨ। ਇਹਨਾਂ ਤਿੰਨਾਂ ਵਿਅਕਤੀਆਂ ਉਪਰ ਇਸਤੋਂ ਬਿਨਾ ਕੁਝ ਹੋਰ ਗੰਭੀਰ ਦੋਸ਼ ਵੀ ਲਾਏ ਗਏ ਸਨ।

ਇਸ ਘਟਨਾ ਤੋਂ ਪੰਜ ਦਿਨ ਬਾਅਦ ਕਕ਼ਾਟੀਆ ਯੂਨੀਵਰਸਿਟੀ ਦੇ ਹਿਸਾਬ ਦੇ ਲੈਕਚਰਾਰ ਤੇ A.P.C.L.C ਦੇ ਜਨਰਲ ਸਕੱਤਰ ਕੇ. ਬਾਲਾਗੋਪਾਲ, ਹੈਦਰਾਬਾਦ ਤੋਂ ਪਰਤੇ ਹੀ ਸਨ। 24 ਜਨਵਰੀ ਦੀ ਸਵੇਰ 3-30 ਵਜੇ ਉਹਨਾਂ ਉਤੇ ਵੀ ਉਹੀ ਦੋਸ਼ ਲਾਏ ਗਏ ਜੋ 18 ਜਨਵਰੀ ਨੂੰ ਹੋਰਾਂ ਤੇ ਲਾਏ ਗਏ ਸਨ। ਇਹਨਾਂ ਕੇਸਾਂ ਤੋਂ ਬਿਨਾਂ ਕਈ ਦੂਸਰੇ ਝੂਠੇ ਕੇਸ ਵੀ ਮੜ੍ਹੇ ਗਏ। APCLC ਦੀ ਨੇ ਇਕ ਦਮ ਬਾਲਾਗੋਪਾਲ ਨੂੰ ਕੋਰਟ ਦੀ ਸਹਾਇਤਾ ਨਾਲ ਮੈਜਿਸਟਰੇਟ ਦੇ ਪੇਸ਼ ਕਰਵਾਇਆ—ਇਸ ਤਰ੍ਹਾਂ ਉਹ ਪੁਲਸੀ ਤਸ਼ੱਦਦ ਤੋਂ ਬਚ ਸਕੇ।

—12 ਅਪਰੈਲ ਨੂੰ ਮਲੀਗਾਰਜੁਨਾ ਰਾਓ ਜੋ ਪੇਸ਼ੇ ਵਜੋਂ ਵਕੀਲ ਤੇ APCLC ਦੀ ਕਰੀਮਨਗਰ ਇਕਾਈ ਦੇ ਸਹਿ-ਸਕੱਤਰ ਹਨ, ਨੂੰ ਗ੍ਰਿਫਤਾਰ ਕਰਕੇ ਉਸਨੂੰ 'ਰੋਲਰ' ਨਾਲ ਤਸੀਹੇ ਦਿਤੇ ਗਏ। ਇਸ ਤੋਂ ਇਕ ਹਫਤਾ ਬਾਅਦ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਮਾਜੋਰੰਜਨ-ਮੋਹਣੀ ਅਤੇ ਪ੍ਰੋ. ਬਾਲਾਗੋਪਾਲ ਨੂੰ ਉਸ ਵੇਲੇ ਗਰਿਫਤਾਰ ਕਰ ਲਿਆ ਗਿਆ ਜਦੋਂ ਕਿ ਉਹ 1983 ਵਿਚ ਹੋਈ ਪੁਲਸ ਫਾਇਰਿੰਗ ਵਿਚ ਸ਼ਹੀਦ ਵਿਦਿਆਰਥੀਆਂ ਦੀ ਯਾਦ 'ਚ ਹੋਈ ਇੱਕਤ੍ਰਤਾ ਵਿਚ ਸ਼ਾਮਲ ਹੋਣ ਜਾ ਰਹੇ ਸਨ। ਉਹਨਾਂ ਉਤੇ ਬਹੁਤ ਸਾਰੇ ਝੂਠੇ ਕੇਸ ਪਾ ਦਿਤੇ ਗਏ। ਬਾਅਦ ਵਿਚ ਇਹਨਾਂ ਗ੍ਰਿਫਤਾਰੀਆਂ ਦੇ ਖਿਲਾਫ ਰਾਸ਼ਟਰੀ ਪੱਧਰ ਦੀ ਮੁਹਿੰਮ ਚਲੀ। ਬੁਧੀ-ਜੀਵੀਆਂ ਤੇ ਸ਼ਹਿਰੀ ਅਜ਼ਾਦੀਆਂ ਦੇ ਕਾਰਕੁੰਨਾਂ ਨੇ ਮੁੱਖ-ਮੰਤਰੀ ਨੂੰ ਚਿੱਠੀਆਂ, ਤਾਰਾਂ ਭੇਜੀਆਂ। ਦਿੱਲੀ ਵਿਚ PUCL ਦੇ ਸਮਾਗਮ ਵਿਚ ਸ਼ਾਮਲ ਮੁੱਖ ਮੰਤਰੀ ਹੈਗੜੇ ਦੀ ਸਹਾਇਤਾ ਲਈ ਗਈ—ਫੇਰ ਕਿਤੇ ਜਾ ਕੇ ਮੁੱਖ ਮੰਤਰੀ ਰਾਮਾ ਰਾਓ ਨੇ ਇਹ ਕੇਸ ਵਾਪਸ ਲਏ।

—ਮਈ ਦੇ ਆਖੀਰ ਵਿਚ ਐਸ. ਬੋਸ ਜੋ ਇਕ ਵਕੀਲ ਹਨ, ਡਾਕਟਰ ਕੇ. ਨਾਰਾਇਣ ਰਾਓ ਜੋ ਗੁਦਾਵਰੀ ਯੂਨਿਟ ਦੇ ਪ੍ਰਧਾਨ ਹਨ, ਡਾ. ਵੈਂਕਟੇਸ਼ਵਰ ਰਾਓ ਜੋ ਰਾਜਾਮੁੰਡਰੀ ਵਿਚ ਕਾਲਜ ਲੈਕਚਰਾਰ ਹਨ ਤੇ OPDR ਦੇ ਮੈਂਬਰ ਹਨ—ਇਹਨਾਂ ਸਾਰਿਆਂ ਨੂੰ ਨਜਾਇਜ਼ ਤੌਰ ਤੇ ਹਿਰਾਸਤ 'ਚ ਰਖਿਆ ਗਿਆ। ਅਤੇ ਇਹਨਾਂ ਦੇ ਦੇਸ਼ ਧਰੋਹੀ ਅਤੇ ਸਰਕਾਰ ਨੂੰ ਉਲਟਾਉਣ ਵਰਗੇ ਦੋਸ਼ ਲਾਏ ਗਏ।

—28 ਮਈ ਨੂੰ ਏ. ਸੁਬਰਾਮੰਨੀਅਮ ਜੋ ਗੰਟੂਰ

ਵਿਖੇ ਕਾਨੂੰਨ ਦੇ ਲੈਕਚਰਾਰ. ਹਨ ਤੇ „APCLC ਦੀ ਗੰਟੂਰ ਸ਼ਾਖਾਂ ਦੇ ਉਪ-ਪ੍ਰਧਾਨ ਹਨ ਅਤੇ ਏ.ਪੀ..ਗੁਰੂਨਾਥਮ ਜੋ ਇਕ ਵਕੀਲ ਹਨ, ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਇਹਨਾਂ ਉਤੇ ਵੀ ਦੇਸ਼-ਧਰੋਹੀ ਦਾ ਦੋਸ਼ ਲਾਇਆ ਗਿਆ। ਅਸਲ ਵਿਚ ਉਪਰੋਕਤ ਵਿਅਕਤੀਆਂ ਨੇ ਰਾਜ਼ਾਮੁੰਡਰੀ ਵਿਖੇ ਜ਼ਿਲਾ ਮੈਜਿਸਟਰੇਟ ਦੇ ਦਫਤਰ ਸਾਹਮਣੇ ਬੋਸ ਦੀ ਗ੍ਰਿਫਤਾਰੀ ਵਿਰੁੱਧ ਰੋਸ ਪ੍ਰਗਟ ਕੀਤਾ ਸੀ।

2 ਜੂਨ ਨੂੰ ਕਰੀਮ ਨਗਰ ਦੇ ਇਕ ਹੋਰ ਵਕੀਲ ਪੀ. ਪਾਪਾਰਾਓ ਨੂੰ ਧਮਕੀ ਦਿਤੀ ਗਈ ਕਿ ਜੇ ਉਹਨਾਂ ਨੇ ਸ਼ਹਿਰੀ ਅਜ਼ਾਦੀਆਂ ਬਾਰੇ ਆਪਣੀਆਂ ਸਰਗਰਮੀਆ ਬੰਦ ਨਾ ਕੀਤੀਆਂ ਉਹਦੀ ਜਾਇਦਾਦ ਤਬਾਹ ਕਰ ਦਿਤੀ ਜਾਵੇਗੀ।

ਜ਼ੁਲਮ ਤੇ ਤਸ਼ੱਦਦ ਦੀ ਇਸ ਅਟੁੱਟ ਲੜੀ ਵਿੱਚ ਸਭ ਤੋਂ ਉਪਰ ਹੈ ਵਾਰੰਗਲ ਪੁਲਸ ਵਲੋਂ ਡਾਕਟਰ ਰਾਮਾਨਾਥਮ ਦਾ ਵਹਿਸ਼ੀਆਨਾ ਕਤਲ। ਪੁਲਸ ਦਾ ਅਪਣੇ ਪੱਖ ਵਿਚ ਕਹਿਣਾ ਹੈ ਕਿ APCLC ਉਹਨਾਂ ਜਾਣੇ-ਪਛਾਣੇ ਨਕਸਲਾਈਟਾਂ ਦਾ ਪੱਖ ਪੂਰਦੀ ਹੈ। ਜਿਨ੍ਹਾਂ ਨੇ ਹੋਰਾਂ ਨੂੰ ਕਤਲ ਕੀਤਾ ਹੈ। ਕੇ. ਜੀ. ਕਾਨਾਬਿਰਨ ਨੇ 5 ਸਤੰਬਰ ਨੂੰ ਦਿੱਲੀ ਦੀ ਇਕ ਪਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ,—"ਇਹ ਗਿਣੀ ਮਿੱਥੀ ਸਾਜ਼ਸ਼ ਹੈ ਕਿ ਸ਼ਹਿਰੀ ਅਜ਼ਾਦੀਆ ਲਈ ਕੀਤੇ ਜਾ ਰਹੇ ਸੰਘਰਸ਼ ਅਤੇ ਅਤਿਵਾਦੀ ਸਿਆਸੀ ਕਾਰਵਾਈਆਂ ਵਿਚਲੇ ਫਰਕ ਨੂੰ ਮਿਟਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰੀ ਅਜ਼ਾਦੀਆਂ ਸਬੰਧੀ ਜੱਥੇਬੰਦੀਆਂ ਦੇ ਖਿਲਾਫ ਇਕ 'ਭੈਅ' ਤੇ 'ਹਿਸਟੀਰੀਆ' ਪੈਦਾ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਰਾਜ ਕਰ ਰਹੀਆ ਸ਼ਕਤੀਆਂ ਦੇ ਕੁਕਰਮਾਂ ਨੂੰ ਨੰਗਿਆ ਕਰਦੀਆਂ ਹਨ ਤੇ ਸੰਵਿਧਾਨਕ ਤੇ ਕਾਨੂੰਨੀ ਨੀਤੀਆਂ ਨੂੰ ਲਾਗੂ ਕਰਾਉਣਾ ਚਾਹੁੰਦੀਆਂ ਹਨ। ਪਰ ਅਜੇਹਾ ਨੇਕ ਕੰਮ ਕਰਕੇ ਅਸੀਂ ਸਾਰੇ ਇਕ ਵੱਡਾ ਖਤਰਾ ਸਹੇੜ ਰਹੇ ਹਾਂ। ਸਾਨੂੰ ਕੁੱਟਿਆ ਮਾਰਿਆ ਤੇ ਹੁਣ ਤਾਂ ਕਤਲ ਵੀ ਕੀਤਾ ਜਾਣ ਲਗ ਪਿਆ ਹੈ। ਤੇ ਇਹ ਗੱਲ ਯਕੀਨੀ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਰਕਾਰ ਦੀਆਂ ਗੈਰ-ਕਾਨੂੰਨੀ ਤੇ ਗਲਤ ਕਾਰਵਾਈਆਂ ਨੂੰ ਕੋਈ ਵਿਅਕਤੀ ਚੈਲੰਜ ਨਾ ਕਰੇ। ਉਹਨਾਂ ਇਹ ਵੀ ਕਿਹਾ ਕਿ ਡਾਕਟਰ ਰਾਮਾਨਾਥਮ ਦੇ ਕਤਲ ਨਾਲ ਆਂਧਰਾ ਪ੍ਰਦੇਸ਼ ਵਿਚ ਲੋਕ-ਤੰਤਰ ਦਾ ਕਤਲ ਹੋ ਗਿਆ ਹੈ।

—ਕੇ. ਜੀ. ਕਾਨਾਬਿਰਨ ਦੀ ਜਾਨ ਨੂੰ ਖੁਦ ਵੀ ਇਕ ਵੱਡਾ ਖਤਰਾ ਹੈ। ਰਾਮਾਨਾਥਮ ਦੇ ਕਤਲ ਵਾਲੇ ਦਿਨ ਸਾਰੇ ਵਾਰੰਗਲ ਵਿਚ ਇਸ਼ਤਿਹਾਰ ਲਗੇ ਹੋਏ ਸਨ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਪ੍ਰੋ. ਬਾਲਾਗੋਪਾਲ, ਸ੍ਰੀ ਵਾਰਵਰਾ ਰਾਓ ਤੇ ਡਾਕਟਰ ਰਾਮਾਨਾਥਮ ਗੁੰਡੇ ਹਨ ਤੇ ਇਹਨਾਂ ਨਾਲ ਛੇਤੀ ਹੀ ਸਿਲਝਿਆ ਜਾਵੇਗਾ। ਸ੍ਰੀ ਕਾਨਾਬਿਰਨ ਨੂੰ ਦੋਸਤਾਂ ਤੇ ਸ਼ੁਭ-ਚਿੰਤਕਾਂ ਨੇ ਅਪਣੀਆਂ ਬਾਹਰੀ ਸਰਗਰਮੀਆਂ ਘੱਟ ਕਰਨ ਦੀ ਸਲਾਹ ਦਿਤੀ ਹੈ ਤਾਂ ਕਿ ਉਹ ਪ੍ਰਾਂਤ ਭਰ ਵਿਚ ਜਮਹੂਰੀ ਅਧਿਕਾਰਾਂ ਦੇ ਕੇਸਾਂ ਦੀ ਪੈਰਵਾਈ ਹੋਰ ਵੀ ਵਧੀਆ ਤਰ੍ਹਾਂ ਕਰ ਸਕਣ ਪਰ ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਕਰਨ ਦਾ ਮਤਲਬ ਦਮਨਕਾਰੀਆਂ ਦੇ ਸਾਹਮਣੇ, ਗੋਡੇ ਟੇਕਣਾ ਹੋਵੇਗਾ।

—ਜਮਹੂਰੀ ਅਧਿਕਾਰਾਂ ਸਬੰਧੀ ਜਥੇਬੰਦੀਆਂ, ਪਰਜਾਤੰਤਰਿਕ ਵਿਰੋਧ ( democratic dissent) ਤੇ ਲੋਕਾਂ ਦੀ ਜ਼ਮੀਰ ਦਾ ਪ੍ਰਤੀਕ ਹਨ। ਇਹ ਸਰਕਾਰੀ ਏਜੰਸੀਆਂ ਤੇ ਰਾਜ ਕਰ ਰਹੀਆਂ ਸ਼ਕਤੀਆਂ ਦੀ ਧਕੇਸ਼ਾਹੀ ਤੇ ਕੁਕਰਮਾਂ ਨੂੰ ਨੰਗਿਆਂ ਕਰਨ ਲਈ ਜਦੋ-ਜਹਿਦ ਕਰ ਰਹੀਆਂ ਹਨ।

—ਉਹਨਾਂ ਲੋਕਾਂ ਦੇ ਅਧਿਕਾਰਾਂ ਤੇ ਹਮਲਾ ਕਰਨਾ ਜੋ ਜਨ-ਸਧਾਰਨ ਦੇ ਜਾਇਜ਼ ਤੇ ਵਿਧਾਨਕ ਹੱਕਾਂ ਦੀ ਰਖਵਾਲੀ ਕਰਨ ਲਈ ਜੂਝਦੇ ਹਨ, ਸੰਵਿਧਾਨਕ ਵਿਵਸਥਾ ਉਤੇ ਹਮਲਾ ਕਰਨ ਦੇ ਬਰਾਬਰ ਹੈ। ਤੇ ਇਹ ਹਮਲੇ ਦਿਨ-ਬ-ਦਿਨ ਸੁੰਗੜ ਰਹੇ ਸਾਡੇ ਲੋਕ ਤੰਤਰਿਕ ਅਧਾਰ ਦੀ ਨਿਸ਼ਾਨੀ ਹੈ। ਪੰਜਾਬੀ ਪੇਸ਼ਕਾਰੀ—(ਪ੍ਰੋ.) ਬਲਦੀਪ ਸਮਰਾਲਾ

## ਪਲਸ ਮੰਚ ਦਾ ਮੋਗਾ ਵਿਖੇ ਅਹਿੰਮ ਤੇ ਯਾਦਗਾਰੀ ਸਮਾਗਮ

ਮੋਗਾ ਵਿਖੇ ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਕੀਤਾ ਗਿਆ 5 ਅਕਤੂਬਰ ਨੂੰ ਇਨਕਲਾਬੀ ਪ੍ਰੋਗਰਾਮ ਮੋਗੇ ਦੇ ਉਹਨਾਂ ਵਿਦਿਆਰਥੀਆਂ ਨੂੰ ਸਮਰਪਤ ਸੀ ਜਿਨ੍ਹਾਂ 1972 ਦੇ ਅਕਤੂਬਰ ਮਹੀਨੇ ਵਿਚ ਸ਼ਹੀਦੀਆਂ ਪ੍ਰਾਪਤ ਕਰਕੇ ਸੰਘਰਸ਼ ਦੀ ਇਨਕਲਾਬੀ ਲਾਟ ਨੂੰ ਹੋਰ ਉੱਚਾ ਕੀਤਾ ਸੀ। ਪੰਜਾਬ ਲੋਕ ਸਭਿਆਚਾਰ ਮੰਚ ਦੀ ਉਮਰ ਭਾਵੇਂ ਬਹੁਤ ਛੋਟੀ ਹੈ ਪਰ ਉਸ ਨੇ ਆਪਣੀ ਛੋਟੀ ਜਿਹੀ ਉਮਰ ਵਿਚ ਕੰਮ ਬਹੁਤ ਵੱਡੇ ਕੀਤੇ ਹਨ ਕੰਮ ਕੀਤੇ ਵੀ ਉਹਨੀਂ ਦਿਨੀਂ ਜਦੋਂ, ਪੰਜਾਬ ਵਿਚ ਪਿੱਛੇ ਖਿੱਚੂ ਤਾਕਤਾਂ ਦਾ ਬੋਲ ਬਾਲਾ ਸੀ, ਜਦੋਂ ਫਿਰਕੂ ਅੱਗ ਦੀਆਂ ਲਾਟਾਂ ਸਿਖਰ ਛੂਹ ਰਹੀਆਂ ਸਨ। ਇਹ ਪੰਜਾਬ ਲੋਕ ਸਭਿਆਚਾਰ ਮੰਚ ਹੀ ਸੀ ਜਿਸ ਨੇ ਅੱਗ ਤੇ ਤੁਰਕੇ ਪਿੱਛੇ ਖਿੱਚੂ ਤਾਕਤਾਂ ਦਾ ਡਟਵਾਂ ਵਿਰੋਧ ਕੀਤਾ ਅਤੇ ਆਪਣੇ ਮਹਾਨ ਲੋਕਾਂ ਨੂੰ ਅਸਲੀਅਤ ਜਾਣ ਕੇ

ਅਸਲੀ ਮੁੱਦਿਆਂ ਵੱਲ ਲੜਾਈ ਸੇਧਤ ਕਰਨ ਲਈ ਚੇਤੰਨ ਕੀਤਾ । ਉਹ ਅਸਲੀ ਮੁੱਦੇ ਇਹ ਹਨ ਜਿਵੇਂ ਮਹਿੰਗਾਈ, ਬੇ-ਰੁਜ਼ਗਾਰੀ, ਭ੍ਰਿਸ਼ਟਾਚਾਰ, ਲਾਲ ਫ਼ੀਤਾ ਸ਼ਾਹੀ, ਤਾਨਾਸ਼ਾਹੀ, ਲੁੱਟ-ਖਸੁੱਟ, ਬਲੈਕ ਮਾਰਕੀਟਿੰਗ, ਸਮੱਗਲਿੰਗ, ਭਾਈ ਭਤੀਜਾਵਾਦ, ਮੁਨਾਫ਼ੇ ਖੋਰੀ ਆਦਿ । ਲੋਕਾਂ ਨੂੰ ਸਮਾਜਵਾਦ ਲਈ ਜੂਝਣ ਲਈ ਪ੍ਰੇਰਿਆ ਕਿਉਂ ਕਿ ਸਮਾਜਵਾਦ ਤੋਂ ਬਿਨਾਂ ਅਸੀਂ ਆਪਣੇ ਦੇਸ਼ ਨੂੰ ਬਚਾ ਨਹੀਂ ਸਕਦੇ ।

ਮੋਗਾ ਵਿਚ ਪਲਸ ਮੰਚ ਦੇ ਪ੍ਰੋਗ੍ਰਾਮ ਨੂੰ ਵੀ ਆਮ ਪ੍ਰੋਗਰਾਮਾਂ ਵਾਂਗ ਦੋ ਹਿੱਸਿਆਂ ਵਿਚ ਵੰਡਿਆ ਗਿਆ । ਪਹਿਲੇ ਹਿੱਸੇ ਦਾ ਪ੍ਰੋਗਰਾਮ ਸ਼ਾਮ ਦੇ ਚਾਰ ਵਜੇ ਸ਼ੁਰੂ ਕੀਤਾ ਗਿਆ ਸੀ। ਆਰੀਆ ਹਾਈ ਸਕੂਲ ਦਾ ਹਾਲ ਖ਼ਚਾ-ਖ਼ਚ ਭਰਿਆ ਹੋਇਆ ਸੀ । ਵਿਦਿਆਰਥੀਆਂ ਅਤੇ ਹੋਰ ਅੱਗੇ ਵਧੂ ਵਿਚਾਰਧਾਰਾ ਵਾਲੇ ਆਦਮੀਆਂ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਇਕੱਠੇ ਹੋਣਾ ਅਤੇ ਚੁੱਪ ਚਾਪ ਬੜੀ ਉਤਸੁਕਤਾ ਤੇ ਸਬਰ ਨਾਲ ਪ੍ਰੋਗਰਾਮ ਨੂੰ ਸੁਣਨਾ ਹੀ ਇਸ ਸ਼ਹੀਦੀ ਸਮਾਗਮ ਦੀ ਵੱਡੀ ਮਹਾਨਤਾ ਸੀ। ਇਸ ਪ੍ਰੋਗਰਾਮ ਵਿਚ ਇਨਕਲਾਬੀ ਗੀਤਕਾਰਾਂ ਨੇ ਬੜੇ ਹੀ ਦਿਲ ਟੁੰਬਣੇ ਗੀਤ ਸੁਣਾਏ ਸਨ । ਵਰਨਣਯੋਗ ਗੀਤਕਾਰ ਇਹ ਹਨ ਜਿਨ੍ਹਾਂ ਪਲਸ ਮੰਚ ਦੇ ਇਸ ਪ੍ਰੋਗਰਾਮ ਨੂੰ ਸਫ਼ਲਤਾ ਪ੍ਰਦਾਨ ਕੀਤੀ— ਹਰੀ ਸਿੰਘ ਤਰਕ, ਬਲਵਿੰਦਰ ਸਿੰਘ ਸੁਨਾਮ, ਜਲੌਰ ਸਿੰਘ ਮੋਗਾ, ਗੁਰਨੇਕ ਨੇਕੀ, ਚਰਨਜੀਤ ਚੰਨੀ ਅਤੇ ਮਨਜੀਤ ਕਾਦਰ । ਇਹਨਾਂ ਗੀਤਾਂ ਦੇ ਵਿਚ ਹੀ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਾਲੋਂ ਤਿੰਨ ਸਹਿਗਾਨ ਵੀ ਪੇਸ਼ ਕੀਤੇ ਗਏ ਅਤੇ ਤਿੰਨ ਗੀਤ-ਸੰਗੀਤ ਮੰਡਲੀ ਭਦੌੜ ਵੱਲੋਂ ਵੀ ਗਾਏ ਗਏ। ਦੋ ਛੰਦ ਮੁਖ਼ਤਿਆਰ ਜਫ਼ਰ ਨੇ ਰਵਾਇਤੀ ਕਵੀਸ਼ਰਾਂ ਵਾਂਗ ਗਾ ਕੇ ਮਹੌਲ ਵਿਚ ਨਵੀਂ ਰੂਹ ਫੂਕੀ । ਜੋਰਾ ਸਿੰਘ ਨਸਰਾਲੀ ਨੇ ਵੀ ਇਕ ਗੀਤ ਗਾਇਆ । ਕੁੱਲ ਮਿਲਾ ਕੇ ਗੀਤਾਂ ਨੇ ਜਿੱਥੇ ਸਰੋਤਿਆਂ ਦਾ ਮਨੋਰੰਜਨ ਕੀਤਾ ਉੱਥੇ ਉਹਨਾਂ ਨੂੰ ਉਠਣ ਦਾ—ਸਰਮਾਏਦਾਰੀ ਵਿਰੁੱਧ ਲੜਨ ਦਾ ਹੋਕਾ ਵੀ ਦਿੱਤਾ। ਇਸ ਗੀਤ ਸਮਾਗਮ ਦੁਰਾਨ ਮੋਗੇ ਦੇ ਸ਼ਹੀਦਾਂ ਨੂੰ ਹਰਦੇਵ ਸਿੰਘ ਮਾਣੂੰਕੇ (ਕਿਸਾਨ ਵਰਕਰ) ਜੋਰਾ ਸਿੰਘ ਨਸਰਾਲੀ (ਸੈਕਟਰੀ ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ), ਗੁਰਸ਼ਰਨ ਸਿੰਘ (ਪ੍ਰਧਾਨ ਪਲਸ ਮੰਚ), ਜਗਜੀਤ ਸਿੰਘ (ਸੂਬਾ ਮੈਂਬਰ ਨੌਜਵਾਨ ਭਾਰਤ ਸਭਾ ਪੰਜਾਬ), ਮੇਜਰ ਸਿੰਘ (ਜਨਰਲ ਸਕੱਤਰ ਏ. ਆਈ. ਆਰ. ਐਸ. ਐਫ.), ਪਰਮਜੀਤ ਸਿੰਘ ਧਾਲੀਵਾਲ (ਜਨਰਲ ਸਕਤ੍ਰ) (ਸੀ. ਵਾਈ. ਐਲ. ਦਾ ਜਥੇਬੰਦਕ ਮੈਂਬਰ), ਜਗਤਾਰ ਸਿੰਘ (ਜਨਰਲ ਸਕੱਤਰ ਪੀ. ਐਸ. ਯੂ.) ਕੁਲਦੀਪ ਸਿੰਘ ਧਾਲੀਵਾਲ (ਜਨਰਲ ਸਕੱਤਰ ਪੀ. ਐਸ. ਯੂ.) ਆਦਿ ਵੱਖ ਵੱਖ ਵਿਦਿਆਰਥੀਆਂ ਅਤੇ ਜਨਤਕ ਜਥੇਬੰਦੀਆਂ ਦੇ ਨੁਮਾਇੰਦਿਆ ਵਲੋਂ ਮੋਹ-ਭਿੱਜੀ ਸ਼ਰਧਾਜਲੀ ਅਰਪਣ ਕੀਤੀ ਗਈ ਅਤੇ ਉਹਨਾਂ ਦੇ ਰਾਹਾਂ ਤੇ ਤੁਰਦੇ ਰਹਿਣ ਦਾ ਸੰਕਲਪ ਕੀਤਾ ਗਿਆ। ਗੁਰਸ਼ਰਨ ਸਿੰਘ ਨੇ ਵਿਦਿਆਰਥੀਆਂ ਅਤੇ ਹੋਰ ਜਥੇ-ਬੰਦੀਆਂ, ਨੂੰ ਏਕਤਾ ਕਰਨ ਦੀ ਅਪੀਲ ਕੀਤੀ ਅਤੇ ਠੋਸ ਸੁਝਾਅ ਦਿੱਤਾ ਕਿ 'ਉਹ ਜੇਕਰ ਥੋੜ੍ਹਾ ਬਹੁਤਾ ਵੀ ਇਨਕਲਾਬ ਪ੍ਰਤੀ ਸੁਹਿਰਦ ਹਨ ਤਾਂ ਉਹ ਕਿਸੇ ਪ੍ਰੋਗਰਾਮ ਤਹਿਤ ਏਕਤਾ ਕਰਨ ਜਾਂ ਹੋਰ ਨਹੀਂ ਤਾਂ ਘੱਟੋ ਘੱਟ ਮੁੱਖ ਦੁਸ਼ਮਣ ਵਿਰੁੱਧ ਰਲ ਕੇ ਲੜਾਈ ਹੀ ਦੇਣ । ਗੱਲਾਂ ਏਕਤਾ ਦੀਆਂ ਬਥੇਰੀਆਂ ਕਰਦੇ ਹਨ ਪਰ ਅਮਲ ਵਿਚ ਨੇੜ ਢੁੱਕ ਕੇ ਵੀ ਨਹੀਂ ਬੈਠਦੇ ਪਤਾ ਨਹੀਂ ਸਾਨੂੰ ਕਦੋਂ ਅਕਲ ਆਵੇਗੀ । ਇਸ ਸਮਾਗਮ ਦੇ ਪਹਿਲੇ ਦੌਰ ਦੇ ਅੰਤਮ ਪੜਾਅ ਵਿਚ ਇਕ ਛੋਟਾ ਜੇਹਾ ਕਵੀ ਦਰਬਾਰ ਆਯੋਜਤ ਕੀਤਾ ਗਿਆ । ਕਵੀ ਦਰਬਾਰ ਵਿਚ ਅਜਮੇਰ ਗਿੱਲ, ਹਰੀ ਸਿੰਘ ਤਰਕ, ਜੁਗਰਾਜ ਧੌਲਾ, ਅਜੈਬ ਟੱਲੇਵਾਲੀਆ, ਤਰਲੋਚਨ, ਚਰਨਜੀਤ ਚੰਨੀ, ਜਸਵੰਤ ਸਮਾਗ, ਸੁਰਜੀਤ ਗਾਮੀ ਅਤੇ ਮਨਜੀਤ ਕਾਦਰ ਨੇ ਹਿੱਸਾ ਲਿਆ । ਇਹ ਪ੍ਰੋਗਰਾਮ ਜੋ ਕਿ 4 ਵਜੇ ਸ਼ਾਮ ਸ਼ੁਰੂ ਹੋਇਆ ਸੀ ਤਕਰੀਬਨ 6-45 ਤੇ ਖ਼ਤਮ ਹੋਇਆ । ਇਸ ਪ੍ਰੋਗਰਾਮ ਦੀ ਸਟੇਜ ਸਕੱਤਰੀ ਸੁਰਜੀਤ ਬਰਾੜ ਨੇ ਨਿਭਾਈ ਸੀ । ਹਾਲ ਵਿਚ ਲਟਕ ਰਹੇ ਮਾਟੋ ਵਿਸ਼ੇਸ਼ ਖਿੱਚ ਪਾ ਰਹੇ ਸਨ ਜੋ ਨਰਿੰਦਰ ਸ਼ਰੋਮਾ ਦੀ ਮੇਹਨਤ ਦਾ ਸਿੱਟਾ ਸਨ । ਉਸ ਦੀ ਮੇਹਨਤ ਦੀ ਦਾਦ ਵੀ ਦੇਣੀ ਬਣਦੀ ਹੈ ।

ਇਕ ਘੰਟੇ ਦੇ ਆਰਾਮ ਤੋਂ ਬਾਅਦ ਭਾਵ ਲੰਗਰ ਪਾਣੀ ਛਕੇਣ ਤੋਂ ਬਾਅਦ ਇਸ ਪ੍ਰੋਗਰਾਮ ਦਾ ਦੂਜਾ ਦੌਰ ਠੀਕ 8 ਵਜੇ ਰਾਤ ਨੂੰ ਸ਼ੁਰੂ ਹੋ ਗਿਆ ਸੀ । ਇਸ ਪ੍ਰੋਗਰਾਮ ਨੂੰ ਦੇਖਣ ਲਈ ਅਨੇਕਾਂ ਦੂਰੋਂ ਨੇੜਉਂ ਆਏ । ਲੱਗ ਭਗ 2500 ਲੋਕਾਂ ਨੇ ਇਸ ਪ੍ਰੋਗਰਾਮ ਨੂੰ ਦੇਖਿਆ-ਮਾਣਿਆ ਅਤੇ ਕੁਝ ਨਾ ਕੁਝ ਹਾਸਲ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਦੋ ਐਕਸ਼ਨ ਗੀਤਾਂ ਨਾਲ ਕੀਤੀ ਗਈ । ਸ਼ੁਰੂਆਤੀ ਗੀਤਾਂ ਨੇ ਮਹੌਲ ਬੜਾ ਹੀ ਜਜ਼ਬਾਤੀ ਕਰ ਦਿੱਤਾ ਸੀ ਕਿਉਂਕਿ ਜੈ ਦੇਵ ਦਿਲਬਰ ਦਾ ਗੀਤ—ਮੋਹਿ ਜੂਝਣ ਕਾ ਚਾਉ ਹੈ—ਬੜਾ ਹੀ ਰੋਹਮਈ ਸੀ ਜਿਸ ਨੇ ਸਾਰੇ ਮਹੌਲ ਨੂੰ ਬੜਾ ਇਨਕਲਾਬੀ ਬਣਾ ਦਿਤਾ ਸੀ । ਮੁਖ਼ਤਿਆਰ ਜਫ਼ਰ ਅਤੇ ਇਸ ਦੇ ਸਾਥੀਆਂ ਨੇ ਸਮੇਂ ਸਮੇਂ ਛੋਟੇ ਛੰਦ ਪੇਸ਼ ਕੀਤੇ । ਛੰਦਾਂ ਦੀ ਤਰਜ਼ ਭਾਵੇਂ ਰਵਾਇਤੀ ਸੀ ਪਰ ਉਹਨਾਂ ਦੇ ਅਰਥ ਬੜੇ ਭਾਵ

ਪੂਰਤ ਸਨ ਜਿਵੇਂ—ਜੈਗੋ ਹੱਕਾਂ ਦੀਆਂ ਲੋਕ ਵਾਣੀਆਂ ਲੜਦੀਆਂ ਰਹਿਣਗੀਆਂ—। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਜਗਮੋਹਣ ਜੋਸ਼ੀ ਦਾ ਇਕ ਗੀਤ ਅਤੇ ਸੰਗੀਤ ਮੰਡਲੀ ਭਦੌੜ ਵੱਲੋਂ ਚਾਰ ਗੀਤ ਪੇਸ਼ ਕੀਤੇ ਗਏ ਪਰ 'ਜਾਗੋ ਆਂਈ ਐ' ਅਤੇ ਜੁਗਰਾਜ ਧੌਲਾ ਦਾ ਗੀਤ 'ਇਨਕਲਾਬ-ਜ਼ਿੰਦਾਬਾਦ' ਬੜੇ ਹੀ ਪ੍ਰਭਾਵਸ਼ਾਲੀ ਰਹੇ। ਇਹਨਾਂ ਗੀਤਾਂ ਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਗੁਰਸ਼ਰਨ ਸਿੰਘ ਦਾ ਲਿਖਿਆ ਨੁਕੜ ਨਾਟਕ 'ਕੁਲਾਜ-ਤੇਰਾ ਨਾਂ ਪੰਜਾਬ' (ਬੜਾ ਹੀ ਭਾਵਪੂਰਤ ਨਾਟਕ) ਖੇਡਿਆ ਗਿਆ। ਮੋਗੇ ਦੀ ਧਰਤੀ ਤੇ ਪਹਿਲੀ ਵਾਰ ਇਹੋ ਜਹਾ ਚੀਮਾਰਕੇਬਲ ਨਾਟਕ ਦੇਖਣ ਨੂੰ ਮਿਲਿਆ ਹੈ। ਇਸ ਨਾਟਕ ਵਿਚ ਪੰਜਾਬ ਦੀ ਇਕ ਦੁੱਖ ਭਰੀ ਕਹਾਣੀ ਦਾ ਉਲੇਖ ਹੈ ਜੋ ਸਾਨੂੰ ਸਾਰੇ ਲੋਕਾਂ ਨੂੰ ਨਿਹੋਰਾ ਦਿੰਦੀ ਹੈ, ਕੋਸਦੀ ਹੈ—ਕਿ ਏਨਾ ਕੁਝ ਅੱਖਾਂ ਸਾਹਮਣੇ ਵਾਪਰਿਆ ਦੇਖ ਕੇ ਵੀ ਚੁੱਪ ਕਿਉਂ ਰਹੇ? ਜਦੋਂ ਕਿ ਚਾਹੀਦਾ ਸੀ ਸਾਨੂੰ ਉਠਣਾ—ਸਾਨੂੰ ਬੋਲਣਾ—ਸਾਨੂੰ ਲੜਣਾ ਪਰ ਅਸੀਂ ਸੜ ਰਹੇ ਪੰਜਾਬ ਨੂੰ ਦੇਖਦੇ ਰਹੇ ਇਸਨੂੰ ਬਚਾਉਣ ਦਾ ਕੋਈ ਜਤਨ ਨਾ ਕੀਤਾ। ਸਾਰੇ ਪ੍ਰੋਗਰਾਮ ਦਾ ਧੁਰਾ ਇਸ ਨਾਟਕ ਨੂੰ ਜੇ ਮੈਂ ਕਹਿ ਦਿਆਂ ਤਾਂ ਅਤਕਥਨੀ ਨਹੀਂ ਹੋਵੇਗੀ। ਐਸਾ ਨੁਕਰ ਨਾਟਕ ਪਹਿਲੀ ਵਾਰ ਮੋਗੇ ਵਰਗੇ ਕਸਬੇ ਵਿੱਚ ਖੇਡਿਆ ਗਿਆ। ਨਾਟਕ ਦੀ ਤਕਨੀਕ ਭਾਵੇਂ ਨਵੀਂ ਸੀ ਪਰ ਫਿਰ ਵੀ ਇਸਦਾ ਪ੍ਰਭਾਵ ਹੱਦੋਂ ਵੱਧ ਚੰਗਾ ਰਿਹਾ। ਨਾਟਕ ਤੋਂ ਬਾਅਦ ਜਗਸੀਰ ਜੀਦਾ ਨੇ ਮਲੇਰੀਏ ਦਾ ਗੀਤ, ਜਗਰਾਜ ਧੌਲਾ ਨੇ ਬੁੱਝ ਮੇਰੀ ਮੁੱਠੀ ਵਿੱਚ ਕੀ ਅਤੇ ਜੋਰਾ ਸਿੰਘ ਨਸਰਾਲੀ ਨੇ ਦਿੱਲੀ ਦੇ ਨਾਂ ਗੀਤ ਗਾ ਕੇ ਸਰੋਤਿਆਂ ਦੀ ਮਾਨਸਿਕਤਾ ਨੂੰ ਹਲੂਣਿਆ। ਇਹਦੇ ਨਾਲ ਹੀ ਪੰਜਾਬ ਕਲਾਮੰਚ ਮਾਨਸਾ ਵੱਲੋਂ ਆਤਮਜੀਤ ਦਾ ਨਾਟਕ 'ਅੰਨ੍ਹੇ-ਕਾਣੇ' ਪੇਸ਼ ਕੀਤਾ ਗਿਆ। ਇਸ ਨਾਟਕ ਦੀ ਪੱਧਰ ਭਾਵੇਂ ਆਮ ਜਨਤਾ ਤੋਂ ਉੱਚੀ ਹੈ ਪਰ ਫਿਰ ਵੀ ਮੋਗੇ ਦੇ ਦਰਸ਼ਕ ਨੇ ਇਸ ਨਾਟਕ ਨੂੰ ਸਮਝਣ ਦੀ ਪੂਰੀ ਕੋਸ਼ਿਸ਼ ਕੀਤੀ। ਇਹ ਨਾਟਕ ਇਕ ਚਿੰਨ੍ਹ-ਆਤਮਕ ਨਾਟਕ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਸਾਡੇ ਦੇਸ਼ ਦੇ ਲੋਕਾਂ ਨੂੰ ਪਹਿਲਾਂ ਮੁਗ਼ਲ ਬਾਦਸ਼ਾਹੀਆਂ, ਮੁਗ਼ਲਾਂ ਤੋਂ ਬਾਅਦ ਅੰਗਰੇਜ਼ ਸਾਮਰਾਜ ਅਤੇ ਅੰਗਰੇਜ਼ਾਂ ਤੋਂ ਬਾਅਦ ਦੇਸੀ ਕਾਲੇ ਸਰਮਾਏਦਾਰ ਲੁੱਟਦੇ ਰਹੇ ਹਨ ਅਤੇ ਲੁੱਟ ਰਹੇ ਹਨ। ਇਕ ਨੌਜਵਾਨ ਜੋ ਸਮੇਂ ਦੀ ਸਰਕਾਰ ਅਤੇ ਉਸਦੇ ਕਨੂੰਨਾਂ ਤੋਂ ਬਾਗੀ ਹੋ ਜਾਂਦਾ ਹੈ—ਉਹ ਇਹਨਾਂ ਦਿਮਾਗੀ ਤੌਰ ਤੇ ਅੰਨ੍ਹਿਆਂ ਕਾਣਿਆਂ ਨੂੰ ਉਹਨਾਂ ਦੀ ਹੋ ਰਹੀ ਅੰਧਾ-ਧੁੰਦ ਲੁੱਟ ਬਾਰੇ ਚੇਤੰਨ ਕਰਦਾ ਹੈ ਅਤੇ ਸਰਦਾਰ (ਸਮੇਂ ਦੀ ਸਰਕਾਰ) ਵਿਰੁੱਧ ਲੜਣ ਲਈ ਪਰੇਰਦਾ ਹੈ। ਲੋਕਾਂ ਦੀਆਂ ਸਦੀਆਂ ਤੋਂ ਬੰਦ ਅੱਖਾਂ ਖੁਲ੍ਹ ਜਾਂਦੀਆਂ ਹਨ ਅਤੇ ਉਹ ਸਰਕਾਰ ਤੋਂ ਬਾਗੀ ਹੋ ਜਾਂਦੇ ਹਨ। ਪਾਤਰਾਂ ਨੇ ਬਖ਼ੂਬੀ ਇਸ ਨਾਟਕ ਨੂੰ ਨਿਭਾ ਕੇ ਇਸਦੇ ਵਿਸ਼ੇ ਨੂੰ ਹੋਰ ਸਾਰਥਕ ਕਰ ਦਿੱਤਾ। ਇਸ ਨਾਟਕ ਦੀ ਸਫ਼ਲਤਾ ਸੁਰਜੀਤ ਗਹਮੀ ਸਿਰ ਜਾਂਦੀ ਹੈ।

'ਅੰਨ੍ਹੇ-ਕਾਣੇ' ਤੋਂ ਬਾਅਦ, ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਇਕ ਵਿਅੰਗ ਮਈ ਓਪੇਰਾ —ਵੋਟਾਂ ਦਾ ਰਾਜ ਚਲਾ ਰਹੇ ਹਾਂ—ਪੇਸ਼ ਕੀਤਾ ਗਿਆ। ਇਸ ਓਪੇਰਾ ਦੀ ਪੇਸ਼ਕਾਰੀ ਬਹੁਤ ਵਧੀਆ ਸੀ ਜਿਸਨੇ ਦਰਸ਼ਕਾਂ ਤੇ ਡੂੰਘਾ ਅਸਰ ਕੀਤਾ। ਇਸੇ ਟੋਲੀ ਤਰਫੋਂ ਜਗਮੋਹਨ ਜੋਸ਼ੀ ਦਾ ਐਕਸ਼ਨ ਗੀਤ-ਸਿਤਮਗਰੋ ਹਿਸਾਬ ਦੋ-ਵੀ ਗਾਇਆ ਗਿਆ। ਇਹ ਗੀਤ ਬੜਾ ਜੋਸ਼ੀਲਾ ਸੀ ਜਿਸਨੇ ਦਰਸ਼ਕਾਂ ਦੇ ਲੂੰ-ਕੰਡੇ ਖੜੇ ਕਰ ਦਿੱਤੇ। ਇਸਤੋਂ ਅੱਗੇ ਪੰਜਾਬ ਕਲਾ ਮੰਚ ਬੁੱਘੀਪੁਰਾ ਵੱਲੋਂ ਇਕ ਨਾਟਕ—ਜਦ ਮਿੱਟੀ ਉਠਦੀ ਧਰਤੀ ਦੀ—ਖੇਡਿਆ ਗਿਆ। ਇਹ ਨਾਟਕ ਵਿਸ਼ ਪੱਖੋਂ ਕਾਫੀ ਨਿੱਗਰ ਸੀ ਪਰ ਇਸਦੇ ਪਾਤਰ ਬਾਬਾ ਕਰਤਾਰਾ ਅਤੇ ਮੁਨੀਮ ਤੋਂ ਬਿਨਾਂ ਪੇਤਲੇ ਸਨ। ਡਰਾਮੇ ਵਿਚ ਅਤਾਂ ਦੀ ਖੜੋਤ ਸੀ—ਕਈ ਕਈ ਸੰਵਾਦ ਜਿਹਨਾਂ ਦੀ ਤੁਰੰਤ ਬੋਲਣ ਦੀ ਲੋੜ ਹੁੰਦੀ ਸੀ ਮਿੰਟ ਮਿੰਟ ਬਾਅਦ ਬੋਲੇ ਜਾਂਦੇ ਸਨ। ਉਂਜ ਸਾਰੇ ਪਾਤਰ ਸੰਭਾਵਨਾਵਾਂ ਭਰਪੂਰ ਹਨ ਜੇ ਕਰ ਉਹ ਨਿਰੰਤਰ ਮੇਹਨਤ ਕਰਦੇ ਰਹੇ। ਇਸ ਨਾਟਕ ਤੋਂ ਬਾਅਦ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਦੋ ਐਕਸ਼ਨ ਗੀਤ—ਕੱਖਾਂ ਦੀਏ ਕੁੱਲੀਏ (ਪਾਸ਼) ਐ ਲਾਲ ਫਰੇਰੇ ਤੇਰੀ ਕਸਮ—ਇਸ ਖ਼ੂਨ ਕਾ ਬਦਲਾ ਹਮ ਲੇਂਗੇ (ਜਗਮੋਹਨ ਜੋਸ਼ੀ) ਪੇਸ਼ ਕੀਤੇ ਗਏ ਅਤੇ ਚਾਰ ਗੀਤ-ਸੰਗੀਤ ਮੰਡਲੀ ਭਦੌੜ ਵੱਲੋਂ ਪੇਸ਼ ਹੋਏ ਜਿਨ੍ਹਾਂ ਮਹੌਲ ਨੂੰ ਪੂਰਾ ਇਨਕਲਾਬੀ ਬਣਾ ਦਿੱਤਾ। ਬੁੱਘੀਪੁਰਾ ਦੇ ਕਲਾਕਾਰਾਂ ਨੇ ਇਕ 'ਜਾਗੋ' ਗਾਈ। 'ਜਾਗੋ' ਲੰਬੀ ਜ਼ਿਆਦਾ ਸੀ ਜਿਸਨੇ ਪ੍ਰਭਾਵ ਵਧੀਆ ਨਹੀਂ ਪਾਇਆ। ਸੰਗੀਤ ਮੰਡਲੀ ਭਦੌੜ ਵੱਲੋਂ—ਘਾਹ ਦੀਆਂ ਤਿੜਾਂ ਪਿੱਛੇ, ਹੱਲ ਹੋਣ ਵਾਲੀ ਐ ਕਹਾਣੀ ਕਾਮਿਆਂ ਆਦਿ ਗੀਤ ਵੀ ਪੇਸ਼ ਕੀਤੇ ਗਏ। ਸਾਰੇ ਗੀਤ ਅਤੇ ਐਕਸ਼ਨ ਗੀਤ ਇਸ ਸਮਾਗਮ ਦਾ ਸ਼ਿੰਗਾਰ ਸਨ। ਅਗਲਾ ਨਾਟਕ—ਹੋਰ ਵੀ ਉਠਸੀ ਮਰਦ ਕਾ ਚੇਲਾ—ਖੇਡਿਆ ਗਿਆ। ਇਹ ਨਾਟਕ ਜਿੱਥੇ ਪੇਸ਼ਕਾਰੀ ਪੱਖੋਂ ਵਧੀਆ ਸੀ ਉੱਥੇ ਲੋਕਾਂ ਨੂੰ ਉਠਣ ਦੀ—ਸੰਘਰਸ਼ ਕਰਨ ਦੀ ਚੇਤਨਾ ਵੀ ਦਿੰਦਾ ਸੀ। ਨਾਟਕ ਸਾਰੇ ਪੱਖਾਂ ਤੋਂ ਪ੍ਰਭਾਵ-ਸ਼ਾਲੀ ਰਿਹਾ। ਨਾਟਕ ਦੀ ਸਮਾਪਤੀ ਤੋਂ ਬਾਅਦ ਜਗਸੀਰ ਜੀਦਾ ਨੇ ਪੀਲੇ ਕਾਰਡਾਂ ਤੇ ਇਕ ਗੀਤ ਗਾਇਆ। ਗੀਤ ਤੋਂ ਬਾਅਦ ਨਾਟਕ ਬਾਬਾ ਬੋਲਦਾ ਹੈ—ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਖੇਡਿਆ ਗਿਆ। ਇਹ

ਨਾਟਕ ਪਹਿਲਾਂ ਵੀ ਸੈਂਕੜੇ ਵਾਰ ਸਟੇਜ ਤੇ ਬੜੀ ਸਫਲਤਾ ਨਾਲ ਖੇਡ੍ਹਿਆ ਜਾ ਚੁੱਕਾ ਹੈ। ਮੋਗੇ ਇਹ ਨਾਟਕ ਵੀ ਪਹਿਲੀ ਵਾਰ ਖੇਡਿਆ ਗਿਆ। ਇੱਥੇਂ ਵੀ ਇਸ ਨਾਟਕ ਨੇ ਲੋਕਾਂ ਤੇ ਡੂੰਘਾ ਅਸਰ ਕੀਤਾ ਕਿਉਂਕਿ ਇਹ ਨਾਟਕ ਵਿਸ਼ੇ ਪੱਖੋਂ ਬਹੁਤ ਹੀ ਨਰੋਆ ਅਤੇ ਜਾਨਦਾਰ ਹੈ। ਪੇਸ਼ਕਾਰੀ ਵੀ ਬਹੁਤ ਵਧੀਆ ਰਹੀ। ਇਸ ਨਾਟਕ ਤੋਂ ਬਾਅਦ ਅੰਤਮ ਕ੍ਰਿਤ—ਹਮ ਜੰਗ-ਏ-ਅਵਾਮੀ ਸੇ ਕੁਹਰਾਮ ਮਚਾ ਦੇਂਗੇ—ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤੀ ਗਈ। ਇਸ ਗੀਤ ਨਾਲ ਸਾਰਾ ਪੰਡਾਲ ਹੀ ਝੂੰਮ ਉਠਿਆ। ਤਕਰੀਬਨ ਸਾਰਿਆਂ ਨੇ ਗਾਉਣਾ ਸ਼ੁਰੂ ਕਰ ਦਿੱਤਾ। ਇਸ ਗੀਤ ਨਾਲ ਸਾਰਾ ਵਾਤਾਵਰਨ ਬਹੁਤ ਹੀ ਭਾਵਕ ਅਤੇ ਇਨਕਲਾਬੀ ਬਣ ਚੁੱਕਾ ਸੀ। ਵਾਕਈ ਲੋਕ ਸਾਹਿਤ ਲੋਕਾਂ ਨੂੰ ਨਿੱਗਰ ਸੇਧ ਅਤੇ ਸੰਘਰਸ਼ ਲਈ ਤਿਆਰ ਕਰਦਾ ਹੈ। ਇਸ ਅੰਤਿਮ ਪ੍ਰੋਗਰਾਮ ਦੀ ਸਟੇਜ ਗੁਰਸ਼ਰਨ ਸਿੰਘ, ਸੁਰਜੀਤ ਬਰਾੜ ਅਤੇ ਤਾਰਾ ਸਿੰਘ ਕੰਲੋਂ ਸੀ। ਸਵੇਰ ਦੇ 3-30 ਵਜੇ ਇਸ ਸਮਾਗਮ ਨੂੰ ਸਮਾਪਤ ਕੀਤਾ ਗਿਆ। ਲੋਕ ਸਾਰੀ ਰਾਤ ਇਸ ਸਮਾਗਮ ਨੂੰ ਬੜੇ ਆਰਾਮ ਨਾਲ ਕੁਝ ਪ੍ਰਾਪਤ ਕਰਨ ਲਈ ਵੇਖਦੇ ਰਹੇ—ਇਹੋ ਇਸ ਸਮਾਗਮ ਦੀ ਸਫ਼ਲਤਾ ਦੀ ਨਿਸ਼ਾਨੀ ਹੈ। ਇਹ ਇਕ ਯਾਦਗਾਰੀ ਪ੍ਰੋਗ੍ਰਾਮ ਬਣ ਗਿਆ ਹੈ ਜੋ ਸਦਾ ਯਾਦ ਰਹੇਗਾ।

**ਸੁਰਜੀਤ ਬਰਾੜ**

---

ਕਹਾਣੀ :

## ਨਿਆਂ ਦਾ ਦਰਵਾਜ਼ਾ

**ਹਰੀ ਸ਼ੰਕਰ ਪਰਸਾਈ**

ਮੁਹਾਵਰੇ ਉਲਟੇ ਪੈਣ ਲੱਗੇ।

ਮੁਹਾਵਰੇ ਅਨੁਸਾਰ ਝੂਠ ਦਾ ਪਰਦਾ ਉਠਾਈਏ ਤਾਂ ਸੱਚ ਨੰਗਾ ਬੈਠਾ ਦਿਸਦਾ ਹੈ। ਸੱਚ ਨੂੰ ਝੂਠ ਤੋਂ ਜ਼ਿਆਦਾ ਸ਼ਰਮ ਆਉਂਦੀ ਹੈ।

ਨਿਆਂ ਦਾ ਦਰਵਾਜ਼ਾ ਵੀ ਹੁਣੇ ਖੜਕਾਇਆ ਤੇ ਮੁਹਾਵਰੇ ਨੂੰ ਵੀ ਮੂਧੇ ਮੂੰਹ ਪਾਇਆ। ਕੁਝ ਗਰੀਬ ਆਦਮੀਆਂ ਤੇ ਝੂਠਾ ਫੌਜਦਾਰੀ ਮੁਕੱਦਮਾ ਚਲਾ ਦਿੱਤਾ ਗਿਆ ਸੀ। ਅਸੀਂ ਉਨ੍ਹਾਂ ਵਲੋਂ ਨਿਆਂ ਦਾ ਦਰਵਾਜ਼ਾ ਖੜਕਾਇਆ। ਖਿਆਲ ਸੀ, ਨਿਆਂ ਦਰਵਾਜ਼ੇ ਨੇੜੇ ਡਿਊਟੀ ਤੇ ਬੈਠਾ ਰਹਿੰਦਾ ਹੋਵੇਗਾ। ਖੜਕਾਇਆ ਤੇ ਤੇ ਬਾਹਰ ਆਇਆ। ਬਹੁਤ ਖੜਕਾਉਣ ਤੇ ਵੀ ਦਰਵਾਜ਼ਾ ਨਾ ਖੁਲਿਆ ਤਾਂ ਚਿੰਤਾ ਹੋਈ। ਕੀ ਗੱਲ ਹੈ? ਕਿਤੇ ਨਿਆਂ ਸਿੱਕ ਲੀਵ (ਬੀਮਾਰੀ ਦੀ ਛੁੱਟੀ) ਤੇ ਤਾਂ ਨਹੀਂ ਚਲਾ ਗਿਆ। ਬੁੱਢਾ ਹੋ ਗਿਆ ਏ ਤੇ ਅਕਸਰ ਬੀਮਾਰ ਹੋ ਜਾਂਦੈ।

ਆਖਿਰ ਅਸੀਂ ਦਰਵਾਜ਼ਾ ਤੋੜ ਕੇ ਅੰਦਰ ਵੜ ਗਏ। ਸੁੰਨਸਾਨ ਸੀ। ਬਾਥਰੂਮ ਦਾ ਦਰਵਾਜ਼ਾ ਧੱਕਿਆ, ਤਾਂ ਇਕ ਨੰਗਾ ਨਹਾਉਂਦਾ ਦਿਸਿਆ। ਅਸੀਂ ਕਿਹਾ—ਤੁਸੀਂ ਨਿਆਂ ਓ ਨਾ! ਛੇਤੀ ਕੱਪੜੇ ਪਹਿਨੋ। ਗੱਲ ਕਰਨੀ ਹੈ। ਉਸਨੇ ਕਿਹਾ—ਮੈਂ ਨਿਆਂ ਨਹੀਂ ਅਨਿਆਂ ਆਂ। ਨੰਗੇ ਈ ਰਹੀਦੈ, ਅਨਿਆਂ ਨੂੰ ਕਾਹਦੀ ਸ਼ਰਮ: ਮੈਂ ਤੇ ਨਿਆਂ ਜੌੜੇ ਭਰਾ ਹਾਂ। ਇਕੋ ਜਿਹੀ ਸ਼ਕਲ ਹੈ। ਲੋਕ ਉਹਦੇ ਭੁਲੇਖੇ ਮੈਨੂੰ ਮਿਲ ਲੈਂਦੇ ਨੇ।

ਅਸੀਂ ਪੁੱਛਿਆ—ਦੋਹਾਂ ਵਿਚ ਕੁਝ ਫਰਕ ਤੇ ਹੋਵੇਗਾ।

ਉਸਨੇ ਕਿਹਾ—ਹਾਂ ਹੈਗਾ। ਦੇਖੋ ਨਾ, ਮੈਂ ਟੀਰਾਂ, ਤੁਸੀਂ ਸਮਝਦੇ ਓ ਕਿਸੇ ਹੋਰ ਨੂੰ ਦੇਖ ਰਿਹਾਂ, ਪਰ ਦੇਖ ਤੁਹਾਨੂੰ ਹੀ ਰਿਹਾਂ। ਮੇਰਾ ਭਰਾ ਨਿਆਂ ਕਾਣੈ। ਇਕ ਪਾਸੇ ਹੀ ਵੇਖਦੈ। ਹੁਣ ਬੋਲਾ ਵੀ ਹੋ ਗਿਐ।

ਅਸੀਂ ਕਿਹਾ—ਤਾਂ ਫਿਰ ਖੜਕਾਇਆ ਦਰਵਾਜ਼ਾ ਕੌਣ ਖੋਲਦੈ?

ਉਸਨੇ ਕਿਹਾ—ਮੈਂ ਖੋਲਦਾਂ। ਏਹੀ ਤਾਂ ਸੁਆਦ ਐ। ਲੋਕ ਮੈਨੂੰ ਨਿਆਂ ਸਮਝ ਲੈਂਦੇ ਨੇ।

ਅਸੀਂ ਪੁੱਛਿਆ—ਤੁਸੀਂ ਦੋਵੇਂ ਭਰਾ ਕਿਸਦੇ ਬੇਟੇ ਓ?

ਉਸਨੇ ਕਿਹਾ– ਐਵੀਡੈਂਸ ਐਕਟ ਸਾਡਾ ਬਾਪ ਹੈ ਤੇ ਇੰਡੀਅਨ ਪੈਨਲ ਕੋਡ ਮਾਂ ਹੈ।

ਅਸੀਂ ਕਿਹਾ—ਅਸੀਂ ਤਾਂ ਨਿਆਂ ਨੂੰ ਮਿਲਣਾ ਹੈ। ਉਹ ਕਿੱਥੇ ਹੈ?

ਉਸਨੇ ਕਿਹਾ—ਹੁਣੇ ਪਿਛਲੇ ਦਰਵਾਜ਼ਿਓਂ ਪੁਲੀਸ ਕੋਤਵਾਲੀ ਗਿਆ ਹੈ। ਆਉਂਦਾ ਹੀ ਹੋਣੈਂ।

ਅੱਛਾ ਖ਼ਲੀਲ ਜ਼ਿਬਰਾਨ ਬਣਨ ਦੀ ਕੋਸ਼ਿਸ਼ ਕਰ ਰਹ ਓ?

ਨਹੀਂ ਨਿਆਂ ਨਿਵਾਸ ਦੀ ਪੋਲ ਖੋਲ ਰਿਹਾਂ। ਨਿਆਂ ਦਾ ਦਰਵਾਜ਼ਾ ਖੜਕਾਉਣ ਵਾਲਿਓ, ਤੁਸੀਂ ਨਿਆਂ ਦਾ ਦਰਵਾਜ਼ਾ ਖੜਕਾਉਣ ਵਾਲਿਓ, ਤੁਸੀਂ ਨਿਆਂ ਦਾ ਦਰਵਾਜ਼ਾ ਖੜਕਾਉਂਦੇ ਓ ਤੇ ਉਹ ਪਿਛਲੇ ਦਰਵਾਜ਼ਿਓਂ ਪੁਲੀਸ ਤੋਂ ਹਦਾਇਤਾਂ ਲੈਣ ਚਲੇ ਜਾਂਦਾ ਹੈ। ਨਿਆਂ ਬੋਲਾ ਹੈ। ਖੜਕਾ ਸੁਣ ਹੀ ਨਹੀਂ ਸਕਦਾ। ਉਹ ਟੀਰਾ ਜੋ ਦਰਵਾਜ਼ਾ ਖੋਲਦੈ, ਅਨਿਆ ਐ। ਸਿਰਫ ਦਰਵਾਜ਼ਾ ਖੜਕਾਉਣ ਤੇ ਜੋ ਮਿਲਦੈ, ਉਹ ਆਮ ਤੌਰ ਤੇ ਅਨਿਆਂ ਹੁੰਦੈ। ਦਰਵਾਜ਼ਾ ਤੋੜੇ ਬਿਨਾ ਨਿਆਂ ਨਹੀਂ ਮਿਲਦਾ।

ਅੱਛਾ ਹੁਣ ਨਕਸਲਬਾੜੀਆ ਬਣਨ ਦੀ ਕੋਸ਼ਿਸ਼ ਕਰ ਰਹੇ ਓ?

ਨਹੀਂ ਇਹ ਖਿਤਾਬ ਬਿਨਾ ਕੋਸ਼ਿਸ਼ ਦੇ ਹੀ ਚਿਪਕ ਜਾਂਦੇ। ਹੁਣੇ ਮੈਂ ਅਖ਼ਬਾਰ ਵਿਚ ਲਿਖ ਦਿੱਤਾ ਕਿ ਪੁਲੀਸ ਨੇ ਹੋਸਟਲ ਵਿਚ ਵੜ ਕੇ ਬੇਕਸੂਰ ਲੜਕਿਆਂ ਨੂੰ ਕਿਉਂ ਕੁੱਟਿਆ, ਤਾਂ ਗੱਲ ਚੱਲ ਪਈ ਕਿ ਇਹ ਵੀ ਨਕਸਲ-ਬਾੜੀਆ ਹੋ ਗਿਐ। ਖਟਮਲ ਕੱਟਦੇ ਤਾਂ ਲੱਗਦੇ ਇਹ ਵੀ ਨਕਸਲਬਾੜੀਏ ਦੀ ਬਦਮਾਸ਼ੀ ਹੈ। ਬੱਚਾ ਦੁੱਧ ਪੀਣ ਲਈ ਰੋਂਦਾ ਹੈ ਤਾਂ ਬਾਪ ਉਸਦੀ ਮਾਂ ਨੂੰ ਕਹਿੰਦੇ—ਇਹਨੂੰ ਦੁੱਧ ਨਾ ਚੁੰਘਾਈਂ! ਇਹ ਭੁੱਖਾ ਨਹੀਂ। ਨਕਸਲ-ਵਾਦੀ ਹੋ ਗਿਐ ਤੇ ਆਤੰਕ ਪੈਦਾ ਕਰ ਰਿਹੈ।

ਪੋਲ ਤਾਂ ਸੱਚ ਦੀ ਓਦੋਂ ਖੁੱਲ ਜਾਂਦੀ ਹੈ। ਭਗਵਾਨ ਨੂੰ ਸਾਖਸ਼ਾਤ ਕਰਕੇ ਅਦਾਲਤਾਂ 'ਚ ਜਿੰਨਾ ਝੂਠ ਬੋਲਿਆ ਜਾਂਦੇ, ਓਨਾ ਪਿੱਠ ਪਿੱਛੇ ਨਹੀਂ। ਆਦਮੀ ਢੀਠ ਹੋ ਗਿਐ ਅਤੇ ਸਤਿਆ ਨਰੈਣ ਦੇ ਸਾਹਮਣੇ ਝੂਠ ਸੁਣਨ ਦਾ ਸ਼ੌਕ ਵਧ ਗਿਐ। ਧਰਮ ਚੰਗੇ ਨੂੰ ਡਰਪੋਕ ਅਤੇ ਬੁਰੇ ਨੂੰ ਨਿਡਰ ਬਣਾਉਂਦਾ ਹੈ। ਝੂਠ ਬੜੇ ਜਿਹੇ ਪਵਿੱਤਰ ਸਹਾਰੇ ਨਾਲ ਚੜਕੇ ਸੱਚ ਦੀ ਬਰਥ ਉਤੇ ਲੇਟ ਜਾਂਦਾ ਹੈ—ਉਹ ਸਹਾਰਾ, ਗੰਗਾ ਜੀ ਹੋਵੇ, ਜਨੇਉ ਹੋਵੇ, ਧਰਮ ਹੋਵੇ, ਈਸ਼ਵਰ ਹੋਵੇ।

ਇਹ ਜੋ ਆਦਮੀ ਗਵਾਹ ਦੇ ਕਟਹਿਰੇ ਵਿਚ ਵਿਚ ਖੜਾ ਹੈ ਭਗਵਾਨ ਨੂੰ ਸਾਖਸ਼ਾਤ ਕਰ ਚੁੱਕਾ ਹੈ—ਪ੍ਰਭੂ, ਆਓ ਮੈਂ ਤੁਹਾਡੇ ਸਾਹਮਣੇ ਝੂਠ ਬੋਲਣ ਲਈ ਉਤਸਕ ਹਾਂ। ਉਹ ਪੜਿਆ ਲਿਖਿਆ, ਸਭਿਆ, ਸੁੰਦਰ ਆਦਮੀ ਹੈ। ਪੁਲੀਸ ਨੂੰ ਜਦੋਂ ਅਜਿਹਾ ਆਦਮੀ ਝੂਠੀ ਗਵਾਹੀ ਲਈ ਮਿਲ ਜਾਂਦਾ ਹੈ ਤਾਂ ਪੁਲੀਸ-ਲਾਈਨ ਦੇ ਹਨੂਮਾਨ ਦੇ ਸਾਹਮਣੇ ਨਾਰੀਅਲ ਤੋੜਿਆ ਜਾਂਦਾ ਹੈ। ਹਨੂਮਾਨ ਦਾ ਵੀ ਕਮਾਲ ਹੈ। ਇਹ ਕਈ ਤਰਾਂ ਦਾ ਹੁੰਦਾ ਹੈ—'ਦੁਸ਼ਮਨ ਫਟਕਾਰ ਹਨੂਮਾਨ' 'ਸੰਕਟ ਮੋਚਨ ਹਨੂਮਾਨ' 'ਪੁਲੀਸ ਮਹਾਂਵੀਰ' ਅਤੇ ਪੂਨੇ ਵਿਚ ਰੰਡੀਆਂ ਦੇ ਮੁਹੱਲੇ ਵਿਚ ਜੋ ਹਨੂਮਾਨ ਹੈ, ਉਸਦਾ ਨਾਂ ਹੈ—'ਛਿਨਾਲ ਮਾਰੂਤੀ'। ਇਹ ਜੋ ਹਿੰਦੋਸਤਾਨੀ ਆਦਮੀ ਹੈ, ਅਦਭੁਤ ਹੈ। ਇਸ ਕੋਲ ਛਿਨਾਲ ਮਾਰੂਤੀ ਵੀ ਹੈ ਤੇ ਹਿਜੜਿਆਂ ਦੀ ਮਸਜਿਦ ਵੀ। ਗਲ ਹਨੂਮਾਨ ਦੀ ਨਹੀਂ ਝੂਠੇ ਗਵਾਹ ਦੀ ਸੀ। ਇੰਸਪੈਕਟਰ ਉਸ ਨੂੰ ਬਰਾਂਡੇ ਵਿਚ ਇਸ ਸ਼ਾਨ ਨਾਲ ਲਈ ਫਿਰਦਾ ਸੀ, ਜਿਵੇਂ ਸਤਵਾਦੀ ਹਰੀਸ਼ ਚੰਦਰ ਨੂੰ ਝੂਠੀ ਗਵਾਹੀ ਲਈ ਫੜ ਲਿਆਇਆ ਹੋਵੇ।

ਗਵਾਹ ਪੂਰੀ ਕੋਸ਼ਿਸ਼ ਸੱਚਾ ਦਿਸਣ ਦੀ ਕਰ ਰਿਹਾ ਹੈ। ਜੇ ਝੂਠ ਠੀਕ ਤਰੀਕੇ ਨਾਲ ਬੋਲਿਆ ਗਿਆ ਤਾਂ ਉਹ ਸੱਚ ਮੰਨ ਲਿਆ ਜਾਏਗਾ। ਠੀਕ ਤਰੀਕੇ ਨਾਲ ਬੋਲੇ ਗਏ ਝੂਠ ਨੂੰ ਸੱਚ ਕਹਿੰਦੇ ਹਨ। ਉਹ ਆਤਮ-ਵਿਸ਼ਵਾਸ ਇਕੱਠਾ ਕਰਕੇ ਚਾਰੇ ਪਾਸੇ ਵੇਖਦਾ ਹੈ। ਆਤਮ ਵਿਸ਼ਵਾਸ ਪੂਰਣ ਝੂਠ ਸੱਚ ਮੰਨਿਆਂ ਜਾਂਦਾ ਹੈ। ਆਤਮ ਵਿਸ਼ਵਾਸ ਹੀਣ ਸੱਚ ਵੀ ਝੂਠ ਹੋ ਜਾਂਦਾ ਹੈ. ਸੱਚ ਦਿਸਣ ਲਈ ਝੂਠ ਨੂੰ ਮੇਕ-ਅੱਪ ਵੀ ਚਾਹੀਦੈ। ਉਸ ਨੇ ਚਿਹਰੇ ਤੇ ਸਨੋ-ਪਾਊਡਰ ਮਲ ਰਖਿਐ। ਉਹ ਵਧੀਆ ਸੂਟ ਪਾਈ ਖੜੇ। ਆਖਿਰ ਸੱਚ ਕੀ ਹੈ? ਵਧੀਆ ਕਪੜੇ ਹੋਏ ਝੂਠ।

ਉਸ ਦਾ ਮੂੰਹ ਵੇਖਦਾ ਹਾਂ। ਹੋਠ ਜ਼ਿਆਦਾ ਫਟੇ ਨੇ। ਦੰਦ ਬਾਹਰ ਨਿਕਲਣ ਲਈ ਹਮੇਸ਼ਾ ਤਤਪਰ ਰਹਿੰਦੇ ਨੇ। ਝੂਠੇ ਅਤੇ ਬਕਵਾਸ ਆਦਮੀ ਦਾ ਮੂੰਹ ਇਹੋ ਜਿਹਾ ਹੋ ਜਾਂਦਾ ਹੈ। ਝੂਠੇ ਦੋ ਤਰਾਂ ਦੇ ਹੁੰਦੇ ਹਨ—ਚੁੱਪ ਅਤੇ ਬੜਬੜਵਾਹ। ਚੁੱਪੇ ਪਰਿਪੱਕ ਝੂਠਾ ਹੁੰਦਾ ਹੈ ਇਕ ਦੋ ਵਾਕਾਂ ਵਿਚ ਝੂਠ ਜਮਾ ਦੇਂਦਾ ਹੈ। ਬੜਬੜਵਾਹ ਸੋਚਦਾ ਹੈ, ਹਾਲੇ ਝੂਠ ਜੰਮਿਆਂ ਨਹੀਂ। ਇਸ ਲਈ ਇਸ ਦੇ ਪੱਖ ਵਿਚ ਅੱਠ-ਦਸ ਵਾਕਾਂ ਦਾ ਬਕਣਵਾਹ ਕਰ ਦੇਂਦਾ ਹੈ। ਇਸ ਧੱਕੇ ਨਾਲ ਜਾਬਾਂ ਫੈਲ ਜਾਂਦੀਆ ਨੇ। ਇਹ ਦੀਆਂ ਜਾਬਾਂ ਏਸੇ ਤਰ੍ਹਾਂ ਹੀ ਫੈਲ ਗਈਆਂ। ਇਹਦਾ ਮੂੰਹ ਭਰੇ ਫੜੇ ਦੀ ਤਰਾਂ ਹੈ। ਜਿਸ ਵਿਚ ਝੂਠ ਦੀ ਗਧ (ਪੀਕ) ਭਰੀ ਹੈ। ਛੇੜਦਿਆਂ ਹੀ ਰਾਧ ਵਹਿ ਤੁਰੇਗੀ।

ਉਹ ਖੰਘੂਰੇ ਨਾਲ ਗਲਾ ਸਾਫ ਕਰਦਾ ਹੈ। ਮੂੰਹ ਤੇ ਰੁਮਾਲ ਫੇਰਦਾ ਹੈ। ਲੱਗਦਾ ਹੈ, ਗਵਾਹੀ ਦੇਣ ਨਹੀਂ, ਨਿਆਂ ਦੀ ਧੀ ਵਿਆਹੁਣ ਲਾੜਾ ਬਣ ਕੇ ਢੁੱਕਾ ਹੈ।

ਸਰਕਾਰੀ ਵਕੀਲ ਸਿੱਖੇ ਸਿਖਾਏ ਸਵਾਲ ਪੁਛਦਾ ਹੈ ਤੇ ਉਹ ਸਿੱਖੇ-ਸਿਖਾਏ ਜੁਆਬ ਦਿੰਦਾ ਹੈ। ਉਸ ਨੇ ਫਲਾਣੇ ਬੰਦੇ ਨੂੰ ਮਿਰਤਕ ਦੇ ਡਾਂਗ ਮਾਰਦੇ ਨੂੰ ਦੇਖਿਆ ਸੀ।

ਉਸ ਨੂੰ ਡਾਂਗ ਦਿਖਾਈ ਗਈ ਜਿਸ ਨੂੰ ਉਸ ਨੇ ਪੁਰਾਣੇ ਦੋਸਤ ਵਾਂਗ ਪਛਾਣ ਲਿਆ।

ਉਸ ਨੂੰ ਇਕ ਪੱਥਰ ਦਾ ਟੁੱਕੜਾ ਦਿਖਾਇਆ ਗਿਆ। ਉਸ ਨੇ ਪੱਥਰ ਪਛਾਣ ਲਿਆ। ਇਹ ਉਹ ਪੱਥਰ ਹੈ ਜਿਹੜਾ ਓਥੇ ਪਿਆ ਸੀ।

ਮੈਂ ਕੋਲ ਖਲੋਤੇ ਵਕੀਲ ਦੋਸਤ ਨੂੰ ਕਿਹਾ-ਯਾਰ ਇਹ ਕੀ ਹਨੇਰ ਐ। ਇਹ ਕਿਸੇ ਪੱਥਰ ਦੇ ਟੁੱਕੜੇ ਨੂੰ ਕਿਵੇਂ ਪਛਾਣ ਲਏਗਾ? ਉਸ ਨੇ ਕਿਹਾ—ਚੁੱਪ ਰਹਿ, ਐਵੀਡੈਂਸ ਐਕਟ ਦੇ ਮੁਤਾਬਕ ਠੀਕ ਹੈ।

ਗਵਾਹ ਨੂੰ ਖ਼ੂਨਵਾਲੀ ਮਿੱਟੀ ਦਿਖਾਈ ਗਈ। ਉਸ ਨੇ ਮਿੱਟੀ ਨੂੰ ਵੀ ਪਛਾਣ ਲਿਆ।

ਮੈਂ ਵਕੀਲ ਦੋਸਤ ਨੇ ਆਖਿਆ ਕਿ ਇਹ ਤਾਂ ਹੋਰ ਵੱਡਾ ਅਚਰਜ ਹੈ। ਇਹ ਨੇ ਮਿੱਟੀ ਨੂੰ ਵੀ ਪਛਾਣ ਲਿਆ। ਉਸਨੇ ਕਿਹਾ—ਚੁੱਪ ਐਵੀਡੈਂਸ ਐਕਟ।

ਮੈਂ ਸੋਚਿਆ ਹੁਣ ਵਕੀਲ ਇਸਨੂੰ ਸ਼ੀਸ਼ੀ ਵਿਚ ਬੰਦ ਮੱਖੀ

ਵਿਖਾਵੇਗਾ ਤੇ ਪੁਛੇਗਾ-ਇਸ ਮੱਖੀ ਨੂੰ ਪਛਾਣਦੇਂ ? ਗਵਾਹ ਆਖੇਗਾ—ਇਹ ਓਹੀ ਮੱਖੀ ਹੈ ਜਿਹੜੀ ਕੁੱਟਮਾਰ ਸਮੇਂ ਉਥੇ ਭਿਨ੍ਹ ਭਿਨਾ ਰਹੀ ਸੀ। ਮੈਂ ਪਛਾਣ ਲਿਆ। ਇਸਦੀ ਸ਼ਕਲ ਮੇਰੀ ਮਾਂ ਨਾਲ ਮਿਲਦੀ ਹੈ।

ਐਵੀਡੈਂਸ ਐਕਟ ! ਇਸਦਾ ਕਮਾਲ ਹੈ।

ਹਰੀਸ਼ ਚੰਦਰ ਨੇ ਜਿਸ ਬ੍ਰਾਹਮਣ ਨੂੰ ਸੁਫਨੇ ਵਿਚ ਦਾਨ ਦਿੱਤਾ ਸੀ। ਜੇ ਉਸਨੂੰ ਜਾਇਦਾਦ ਦੇ ਕੱਬਜ਼ੇ ਲਈ ਅਦਾਲਤ ਜਾਣਾ ਪੈਂਦਾ ਤਾਂ ਉਹ ਵੀ ਦੋ ਚਾਰ ਚਸ਼ਮਦੀਦ ਗਵਾਹ ਖੜੇਕਰ ਦੇਂਦਾ। ਉਹ ਕਹਿੰਦੇ ਸਾਡੇ ਸਾਹਮਣੇ ਇਸ ਬ੍ਰਾਹਮਣ ਨੂੰ ਰਾਜਾ ਹਰੀਸ਼ਚੰਦਰ ਨੇ ਦਾਨ ਦਿੱਤਾ ਸੀ। ਵਕੀਲ ਪੁਛਦਾ—ਉਸ ਸਮੇਂ ਤੁਸੀਂ ਕਿਥੇ ਸੀ। ਉਹ ਕਹਿੰਦੇ ਅਸੀਂ ਵੀ ਰਾਜਾ ਸਾਹਿਬ ਦੇ ਸੁਫਨੇ ਵਿਚ ਹੀ ਸਾਂ।

ਬਚਾਅ ਪੱਖ ਦਾ ਵਕੀਲ 'ਕਰਾਸ ਐਗਜ਼ਾਮੀਨੇਸ਼ਨ' ਦੇ ਲਈ ਖੜਾ ਹੋਇਆ। ਇਹ ਭਿਅੰਕਰ ਚੀਜ਼ ਹੈ ਇਕ ਵਾਰ ਮੇਰੇ ਵੀ ਪਲਸਤਰ ਉਖੜ ਚੁੱਕੇ ਨੇ। ਮੈਂ ਸੱਚ ਬੋਲ ਰਿਹਾ ਸੀ. ਪਰ ਵਕੀਲ ਨੇ ਮੇਰੇ ਸੱਚ ਨੂੰ ਦੋ ਮਿੰਟ ਵਿਚ ਪਸੀਨਾ ਲਿਆ ਦਿਤਾ ਸੀ।

ਗਵਾਹ ਤਿਆਰ ਹੁੰਦਾ ਹੈ। ਮੂੰਹ ਪੂੰਝਦਾ ਹੈ। ਫੇਫੜਿਆਂ ਵਿਚ ਆਕਸੀਜ਼ਨ ਭਰਦਾ ਹੈ।

ਵਕੀਲ ਪੁਛਦਾ ਹੈ—ਵਾਰਦਾਤ ਦੀ ਜਗ੍ਹਾ ਤੋਂ ਤੁਸੀਂ ਕਿੰਨੀ ਦੂਰ ਸੀ ?

ਉਹ ਮੂੰਹ ਖੋਲਦਾ ਹੀ ਹੈ ਕਿ ਵਕੀਲ ਕਹਿੰਦਾ ਹੈ—ਜਲਦੀ ਨਹੀਂ। ਸੋਚਕੇ ਬੋਲੋ।

ਸੋਚਕੇ ਬੋਲੋ—ਇਹ ਸੁਝਾਅ ਗਵਾਹ ਨੂੰ ਗੜਬੜਾ ਦਿੰਦਾ ਹੈ। ਉਸਨੂੰ ਲੱਗਦੈ, ਜਿੰਨਾ ਸਿੱਧਾ ਮਾਮਲਾ ਉਹ ਸਮਝਦੈ, ਓਨਾ ਹੈ ਨਹੀਂ। ਸਵਾਲ ਮੁਸ਼ਕਲ ਹੈ। ਸੋਚਣਾ ਚਾਹੀਦੈ।

ਉਹ ਸਰਕਾਰੀ ਵਕੀਲ ਨੂੰ ਹੁਣੇ ਆਪਣੀ ਦੂਰੀ ਦਸ ਕਦਮ ਦੱਸ ਚੁਕਿਐ।

ਹੁਣ ਸੋਚ ਕੇ ਬੋਲਦਾ ਹੈ—ਦਸ-ਪੰਦਰਾਂ ਕਦਮ ਦੂਰ ਸੀ ?

ਵਕੀਲ—ਅੱਛਾ ਦਸ-ਪੰਦਰਾਂ ਕਦਮ ਦੂਰ ਸੀ ?

ਗਵਾਹ—ਹਾਂ ਏਹੀ ਪੰਦਰਾਂ ਵੀਹ ਕਦਮ।

ਵਕੀਲ—ਤਾਂ ਪੰਦਰਾਂ ਵੀਹ ਕਦਮ ਦੂਰ ਖਲੋਤਾ ਸੀ ?

ਗਵਾਹ—ਹਾਂ ਏਹੀ ਵੀਹ ਪੰਝੀ ਕਦਮ ਸਮਝ ਲਉ।

ਤਿੰਨ ਸਵਾਲਾਂ ਵਿਚ ਉਹ ਪੰਦਰਾਂ ਕਦਮ ਪਿੱਛੇ ਹੱਟ ਗਿਆ। ਜੇ ਵਕੀਲ ਸੁਆਲ ਕਰਦਾ ਜਾਂਦਾ, ਤਾਂ ਉਹ ਵਾਰਦਾਤ ਦੀ ਜਗ੍ਹਾ ਤੋਂ ਪੰਜ ਮੀਲ ਦੂਰ ਵੀ ਹੋ ਜਾਂਦਾ। ਪਰ ਉਹ ਖੁਸ਼ ਹੈ ਕਿ ਉਸਨੇ ਵਕੀਲ ਨੂੰ 'ਕਨਫਿਊਜ਼' ਕਰ ਦਿਤਾ।

—ਤੁਸੀਂ ਮੌਕੇ ਤੇ ਕਿੰਨੇ ਵਜੇ ਪੁੱਜੇ ?

—ਜਲਦੀ ਨਹੀਂ ਸੋਚਕੇ ਬੋਲੋ।

—ਡੇਢ ਦੋ ਵਜੇ।

—ਅੱਛਾ ਡੇਢ ਦੋ ਵਜੇ ਪੁੱਜੇ।

—ਹਾਂ ਏਹੀ ਕੋਈ ਦੋ ਢਾਈ ਵਜੇ।

—ਅੱਛਾ, ਦੋ ਢਾਈ ਵਜੇ ਤੁਸੀਂ ਉਥੇ ਪੁਜੇ ਸੀ।

—ਹਾਂ ਏਹੀ ਢਾਈ ਤਿੰਨ ਵਜੇ ਸਮਝ ਲਉ।

—ਮਿਰਤਕ ਦੀ ਉਮਰ ਕਿੰਨੀ ਸੀ।

—ਪੰਝੀ-ਤੀਹ ਸਾਲ।

—ਅੱਛਾ ਉਹ ਪੰਝੀ-ਤੀਹ ਸਾਲ ਦਾ ਸੀ।

—ਹਾਂ ਤੀਹ-ਪੈਂਤੀ ਸਾਲ ਦਾ ਹੋਵੇਗਾ।

—ਯਾਨੀ ਉਸਦੀ ਉਮਰ ਤੀਹ ਪੈਂਤੀ ਸਾਲ

ਹਾਂ—ਏਹੀ ਪੈਂਤੀ ਚਾਲੀ ਸਾਲ ਦੀ ਹੋਵੇਗੀ।

ਕਈ ਦਿਨ ਲਗਾਤਾਰ ਮੈਂ ਚਸ਼ਮਦੀਦ ਦਾ ਇਹ ਖੇਲ ਦੇਖਦਾ ਰਿਹਾ। ਮੈਂ ਹੈਰਾਨ ਕਿ ਬਾਹਰ ਤਾਂ ਸੱਚਾ ਆਦਮੀ ਭਾਲਿਆਂ ਨਹੀਂ ਮਿਲਦਾ ਪਰ ਅਦਾਲਤ ਵਿਚ ਏਨੇ ਸੱਚੇ ਕਿਹੜੇ ਅਨਜਾਣ ਕੋਨਿਆਂ ਤੋਂ ਇਕੱਠੇ ਹੋ ਜਾਂਦੇ ਨੇ। ਝੂਠ ਬੋਲਣ ਲਈ ਸਭ ਤੋਂ ਸੁਰਖਿਅਤ ਥਾਂ ਅਦਾਲਤ ਹੈ। ਓਥੇ ਸੁਰਖਿਆ ਲਈ ਰੱਬ ਅਤੇ ਨਿਆਂ-ਕਰਤਾ ਹਾਜ਼ਿਰ ਹੁੰਦੇ ਹਨ।

ਮੇਰਾ ਵਕੀਲ ਦੋਸਤ ਕਹਿੰਦਾ ਹੈ—ਇਹ ਸੱਭ ਕਾਨੂੰਨ ਮੁਤਾਬਿਕ ਹੈ। ਜੇ ਨਿਆਂ-ਕਰਤਾ ਚਸ਼ਮਦੀਦ ਤੇ ਵਿਸ਼ਵਾਸ਼ ਕਰਦਾ ਹੈ ਤਾਂ ਫਾਂਸੀ। ਜੇ ਨਹੀਂ ਕਰਦਾ ਤਾਂ ਰਿਹਾਈ।

ਚਸ਼ਮਦੀਦ ਇਕੋ ਹੀ ਹੈ, ਪਰ ਉਸ ਤੋਂ ਹੀ ਆਦਮੀ ਨੂੰ ਫਾਂਸੀ ਹੋ ਸਕਦੀ ਹੈ, ਅਤੇ ਉਸਤੋਂ ਹੀ ਛੁਟ ਵੀ ਸਕਦਾ ਹੈ। ਉਸੇ ਚਸ਼ਮਦੀਦ ਦੇ ਆਧਾਰ ਤੇ, ਇਕ ਨਿਆਂ-ਕਰਤਾ ਆਦਮੀ ਨੂੰ ਫਾਂਸੀ ਲਾਇਕ ਸਮਝਦਾ ਹੈ ਅਤੇ ਦੂਸਰਾ ਉਸਨੂੰ ਨਿਰਦੋਸ਼।

ਵਕੀਲ ਦੋਸਤ ਨੂੰ ਕਹਿੰਦਾ ਹਾਂ—ਆਦਮੀ ਦੇ ਇਸ ਨਿਆਂ ਨੂੰ ਮਸ਼ੀਨ ਜ਼ਿਆਦਾ ਦੇਰ ਬਰਦਾਸ਼ਤ ਨਹੀਂ ਕਰੇਗੀ। ਕਿਸੇ ਦਿਨ ਅਦਾਲਤ ਦੀ ਥਾਂ ਵੱਡਾ ਕੰਪਿਊਟਰ ਹੋਵੇਗਾ। ਉਸ ਵਿਚ ਤੁਸੀਂ ਵਕੀਲ, ਗਵਾਹ, ਨਿਆਂ-ਕਰਤਾ ਸਭ ਪਾ ਦਿਤੇ ਜਾਓਗੇ। ਕੰਪਿਊਟਰ ਚਲੇਗਾ ਅਤੇ ਤੁਹਾਡੇ ਚੋਂ ਕਿਸੇ ਦੇ ਕੰਮ ਤੇ ਫੈਸਲਾ ਛਪ ਕੇ ਆ ਜਾਏਗਾ।

ਇਹ ਤਿੰਨ ਚਾਰ ਲੋਕ ਜੋ ਝੂਠੇ ਫਸਾਏ ਗਏ ਨੇ ਸੜਕ ਦੇ ਕਿਨਾਰੇ ਟਾਟ ਅਤੇ ਫੂਸ ਦੀ ਝੁੱਗੀ ਬਣਾ ਕੇ ਰਹਿੰਦੇ ਨੇ। ਇਨਾਂ ਨੇ ਫਾਂਸੀ ਤੇ ਟੰਗੁਣ ਲਈ ਪੈਸੇ ਖਰਚ ਕੀਤੇ ਨੇ—ਵਕੀਲ ਲਗਾਏ ਨੇ—ਪੁਲੀਸ ਨੂੰ ਪੈਸਾ ਖੁਆਇਆ ਹੈ।

ਸਿਰਫ ਇਹ ਨਹੀਂ ਹੈ, ਕਿ ਈਸਾ ਆਪਣਾ ਸਲੀਬ

ਖੁਦ ਢੋਹ ਰਿਹਾ ਹੈ ਜਾਂ ਸੂਲ ਤੇ ਟੰਗਿਆ ਹੈ। ਈਸਾ ਨੂੰ ਅਪਣੇ ਪੈਰਾਂ ਤੇ ਆਪਣੇ ਹੱਥਾਂ ਨਾਲ ਕਿਲ ਠੋਕਣ ਲਈ ਮਜਬੂਰ ਕੀਤਾ ਜਾ ਰਿਹੈ ਅਤੇ ਕਹਿ ਰਿਹੈ—ਪਿਤਾ ਇਨਾਂ ਨੂੰ ਹਰਗਿਜ਼ ਮੁਆਫ ਮੱਤ ਕਰਨਾ, ਕਿਉਂਕੇ ਇਹ ਸਾਲੇ ਜਾਣਦੇ ਨੇ, ਇਹ ਕੀ ਕਰ ਰਹੇ ਨੇ।

ਪੰਜਾਬੀ ਰੂਪ—**ਸਰਬਜੀਤ ਸਿੰਘ ਘੁੰਮਣ**

## ਥਰਮਲ ਪਲਾਂਟ ਬਠਿੰਡਾ ਦੇ ਮੁਲਾਜ਼ਮਾਂ ਦੀ ਵਿਕਟੇਮਾਈਜ਼ੇਸ਼ਨ ਦਾ ਮਸਲਾ

ਪੰਜਾਬ ਰਾਜ ਬਿਜਲੀ ਬੋਰਡ ਪੰਜਾਬ ਸਰਕਾਰ ਦਾ ਇਕ ਕੁੰਜੀ ਮਹਿਕਮਾ ਹੈ, ਜਿਸਦੀ ਚੰਗੀ ਕਾਰਜਕਾਰੀ ਤੇ ਪੰਜਾਬ ਦੀ ਆਰਥਕਤਾ ਨਿਰਭਰ ਹੈ। ਚੰਗੀ ਕਾਰਜਕਾਰੀ ਲਈ ਜ਼ਰੂਰੀ ਹੈ ਕਿ ਇਹਦੇ ਉਤਲੇ ਅਫਸਰਾਂ ਅਤੇ ਥੱਲੇ ਵਾਲੇ ਮੁਲਾਜ਼ਮਾਂ ਦੇ ਦਰਮਿਆਨ ਆਪਸੀ ਚੰਗੇ ਤੁਅਲਕਾਤ ਹੋਣ। ਮੈਂ ਇਸ ਸਿਲਸਿਲੇ ਵਿਚ ਭਾਖੜਾ ਡੈਮ ਦੀ ਹਮੇਸ਼ਾ ਮਿਸਾਲ ਦੇ ਸਕਦਾ ਹਾਂ, ਜਿਥੇ ਸਿਵਾਏ ਇਕ 'ਲੋਹੜੀ ਦੀ ਹੜਤਾਲ' ਦੀ ਘਟਨਾ ਦੇ ਸਿਵਾ ਕਦੀ ਵੀ ਉਤਲੇ ਅਫਸਰਾਂ ਤੇ ਵਰਕਰਾਂ ਵਿਚ ਕਦੀ ਵੀ ਕੋਈ ਕਸੀਦਗੀ ਨਹੀਂ ਹੋਈ ਸੀ, ਕਿਉਂਕਿ ਉਤਲੇ ਅਫਸਰ, ਜਿਨ੍ਹਾਂ ਵਿਚ ਵੱਡੀ ਮਿਸਾਲ ਆਪ ਜਨਰਲ ਮੈਨਜਰ ਚੋਪੜਾ ਦੀ ਹੈ, ਹਮੇਸ਼ਾ ਵਰਕਰਾਂ ਦੀਆਂ ਨਿੱਕੀਆਂ ਤੋਂ ਨਿੱਕੀਆਂ ਤਕਲੀਫਾਂ ਦਾ ਖਿਆਲ ਰੱਖਦੇ ਸਨ। ਸਾਢੇ ਚਾਰ ਤੋਂ ਸਾਢੇ ਪੰਜ ਤੱਕ ਉਹਨਾਂ ਕੋਲ ਹਰ ਵਰਕਰ ਪੁੱਜ ਕੇ ਆਪਣੀ ਤਕਲੀਫ ਦਸ ਸਕਦਾ ਸੀ। ਜ਼ਰੂਰਤ ਪੈਣ ਤੇ ਐਡਵਾਂਸ ਤਨਖਾਹ ਵੀ ਉਹਨੂੰ ਦੇ ਦਿੱਤੀ ਜਾਂਦੀ ਸੀ। ਭਾਖੜਾ ਪ੍ਰੋਜੈਕਟ ਆਜ਼ਾਦੀ ਦੇ ਮੁੱਢਲੇ ਸਾਲਾਂ ਵਿਚ ਮੁਕੰਮਲ ਕੀਤਾ ਗਿਆ ਸੀ, ਜਦੋਂ ਕਿ ਹਾਲੀ ਭ੍ਰਿਸ਼ਟਾਚਾਰ ਨੇ ਸਾਰੀ ਸਰਕਾਰੀ ਮਸ਼ੀਨਰੀ ਨੂੰ ਪੂਰੀ ਤਰ੍ਹਾਂ ਭ੍ਰਿਸ਼ਟ ਨਹੀਂ ਕੀਤਾ ਸੀ। ਥੱਲੇ ਦਸੀ ਰਿਪੋਰਟ ਦੱਸਦੀ ਹੈ ਕਿ ਬਠਿੰਡਾ ਥਰਮਲ ਪਲਾਂਟ ਵਿਚ ਅਫਸਰਾਂ ਅਤੇ ਵਰਕਰਾਂ ਦੇ ਦਰਮਿਆਨ ਬਹੁਤ ਵੱਡੀ ਤਰੇੜ ਆ ਚੁੱਕੀ ਹੈ। ਇਸ ਤਰੇੜ ਵਿਚ ਵਰਕਰਾਂ ਦਾ ਇਕ ਪਾਸਾ ਨੁਕਸਾਨ ਹੋਇਆ ਹੈ। ਪੰਜਾਬ ਭਰ ਦੀ ਮਜ਼ਦੂਰ ਲਹਿਰ ਨੂੰ ਇਸਦਾ ਨੋਟਿਸ ਲੈਣਾ ਚਾਹੀਦਾ ਹੈ। ਇਕ ਪਾਸੇ ਸਾਂਝਾ ਸੰਘਰਸ਼ ਲਾਮਬੱਧ ਕਰਨਾ ਚਾਹੀਦਾ ਹੈ ਤੇ ਦੂਜੇ ਪਾਸੇ ਚੁਣੇ ਹੋਏ ਨੁਮਾਇੰਦਿਆਂ ਰਾਹੀਂ ਪੰਜਾਬ ਰਾਜ ਬਿਜਲੀ ਬੋਰਡ ਦੇ ਨਵੇਂ ਪ੍ਰਬੰਧਕੀ ਢਾਂਚੇ ਉਤੇ ਵਿਕਟੇਮਾਈਜ਼ੇਸ਼ਨ ਵਿਰੋਧ ਜ਼ੋਰ ਪਾ ਕੇ ਨੌਕਰੀ ਤੋਂ ਕੱਢੇ ਗਏ ਮੁਲਾਜ਼ਮਾਂ ਦੀ ਬਹਾਲੀ ਅਤੇ ਕੋਰਟਾਂ ਤੋਂ ਕੇਸਾਂ ਦੀ ਵਾਪਸੀ ਮੁਮਕਿਨ ਬਣਾਈ ਜਾਏ। ਸਮੁੱਚੀ ਮੁਲਾਜ਼ਮ ਲਹਿਰ ਦਾ ਫਰਜ਼ ਬਣਦਾ ਹੈ ਕਿ ਵਿਕਟੇਮਾਈਜ਼ ਹੋਏ ਮੁਲਾਜ਼ਮਾਂ ਦੀ ਹਰ ਪੱਖ ਤੋਂ ਪੂਰੀ ਸਹਾਇਤਾ ਕਰਨ। / **ਸੰਪਾਦਕ**

ਜੂਨ 1982 ਤੋਂ, ਜਦੋਂ ਥਰਮਲ ਪਲਾਂਟ ਬਠਿੰਡਾ ਦੇ ਮੁਲਾਜ਼ਮਾਂ ਨੇ ਆਪਣੀ ਜੱਥੇਬੰਦੀ ਦੀ ਅਗਵਾਈ ਹੇਠ ਕੁਝ ਮੰਗਾਂ ਦੀ ਪ੍ਰਾਪਤੀ ਲਈ, ਜਿਨ੍ਹਾਂ ਵਿਚ ਬੀਮਾਰ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰੀਵਾਰਾਂ ਲਈ ਐਂਬੂਲੈਂਸ ਦਾ ਪ੍ਰਬੰਧ ਕਰਨਾ, ਗਲਤ ਬਦਲੀਆਂ ਰੱਦ ਕਰਨਾ, ਟੈਕਨੀਕਲ ਸਟਾਫ ਲਈ ਵਰਦੀਆਂ ਅਤੇ ਸਾਰੇ ਕਿਸਮ ਦੇ ਸਟਾਫ ਲਈ ਪ੍ਰਮੋਸ਼ਨ ਦਾ ਚੈਨਲ ਆਦਿ ਸ਼ਾਮਲ ਸਨ, ਸੰਘਰਸ਼ ਸ਼ੁਰੂ ਕੀਤਾ, ਉਦੋਂ ਤੋਂ ਹੀ ਥਰਮਲ ਅਧਿਕਾਰੀਆਂ ਨੇ, ਵਿਸ਼ੇਸ਼ ਤੌਰ ਤੇ ਚੀਫ ਇੰਜੀਨੀਅਰ ਥਰਮਲ (ਜੇ.ਡੀ. ਮਲਹੋਤਰਾ) ਨੇ ਦਹਿਸ਼ਤ ਅਤੇ ਵਿਕਟੇਮਾਈਜ਼ੇਸ਼ਨ ਦਾ ਝੱਖੜ ਝੁਲਾ ਰੱਖਿਆ ਹੈ। ਪੰਜਾਬ ਰਾਜ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ ਨੇ ਵਾਰ ਵਾਰ ਪਹੁੰਚ ਕੀਤੇ ਜਾਣ ਦੇ ਬਾਵਜੂਦ ਵੀ ਇਸ ਮਸਲੇ ਤੇ ਚੁੱਪ ਹੀ ਵੱਟੀ ਰੱਖੀ ਹੈ।

ਇਸ ਸੰਘਰਸ਼ ਨੂੰ ਕੁਚਲਣ ਲਈ ਥਰਮਲ ਅਧਿਕਾਰੀਆਂ ਨੇ ਹਰ ਤਰ੍ਹਾਂ ਦੇ ਹੱਥ-ਕੰਡੇ ਵਰਤੇ। ਸਿਰੇ ਦੇ ਵਹਿਸ਼ੀ ਅਤੇ ਬਦਨਾਮ ਪੁਲਸ ਅਫਸਰਾਂ ਦੀ ਅਗਵਾਈ ਹੇਠ ਪੁਲਸ ਦੀਆਂ ਧਾੜਾਂ ਤਾਇਨਾਤ ਕਰ ਦਿੱਤੀਆਂ ਗਈਆਂ। 60 ਦੇ ਲਗਭਗ ਮੁਲਾਜ਼ਮ ਆਗੂਆਂ ਨੂੰ 8 ਝੂਠੇ ਫੌਜਦਾਰੀ ਕੇਸਾਂ ਵਿਚ ਉਲਝਾ ਕੇ ਜੇਲ੍ਹੀਂ ਡੱਕ ਦਿੱਤਾ ਗਿਆ। ਕਈਆਂ ਨੂੰ ਅੰਨ੍ਹੇ ਪੁਲਸੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਮੁਲਾਜ਼ਮਾਂ ਦੀਆਂ ਮਾਵਾਂ, ਭੈਣਾਂ, ਪਤਨੀਆਂ ਅਤੇ ਬਜ਼ੁਰਗਾਂ ਦੀ ਵੀ ਬੇਪੱਤੀ ਕੀਤੀ ਗਈ। ਉਨ੍ਹਾਂ ਦੇ ਕੁਆਟਰ ਖੋਹ ਲਏ ਗਏ, ਥਰਮਲ ਕਲੋਨੀ ਵਿਚਲੇ ਬਿਜਲੀ ਬੋਰਡ ਵੱਲੋਂ ਚਲਾਏ ਜਾਂਦੇ ਸਕੂਲ 'ਚੋਂ ਉਨ੍ਹਾਂ ਦੇ ਬੱਚਿਆਂ ਨੂੰ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਸਪੈਂਡ ਕਰਕੇ ਕਾਂਗੜਾ, ਬਰੋਟ ਅਤੇ ਜੋਗਿੰਦਰ ਨਗਰ ਵਰਗੀਆਂ ਦੂਰ ਦੁਰਾਡੇ ਦੀਆਂ ਥਾਵ੍ਹਾਂ ਤੇ ਬਦਲ ਦਿੱਤਾ ਗਿਆ ਤਾਂ ਜੋ ਉਹ ਆਪਣੇ ਚੱਲ ਰਹੇ ਫੌਜਦਾਰੀ ਅਤੇ ਮਹਿਕਮਾਨਾਂ ਕੇਸਾਂ ਦੀ ਅਸਰਦਾਰ ਢੰਗ ਨਾਲ ਪੈਰਵੀ ਨਾ ਕਰ ਸਕਣ।

ਝੂਠੇ ਪੁਲਸ ਕੇਸਾਂ ਦੇ ਨਾਲ ਨਾਲ ਇਨ੍ਹਾਂ ਮੁਲਾਜ਼ਮਾਂ ਦੇ ਖਿਲਾਫ ਮਹਿਕਮਾਨਾਂ ਇਨਕੁਆਰੀਆਂ ਵੀ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਇਨਕੁਆਰੀਆਂ ਲਈ ਚੀਫ ਇੰਜੀਨੀਅਰ ਨੇ ਆਪਣੇ ਵਿਸ਼ੇਸ਼ ਹਿਤੈਸ਼ੀ ਅਫਸਰਾਂ ਨੂੰ ਨਿਯੁਕਤ ਕੀਤਾ ਜੋ ਜੱਜਾਂ ਦੀ ਥਾਂ ਸਰਕਾਰੀ ਵਕੀਲਾਂ (Prosecutors) ਦਾ ਰੋਲ ਵੱਧ ਨਿਭਾਉਂਦੇ ਰਹੇ। ਇਨ੍ਹਾਂ ਅਫਸਰਾਂ ਨੇ

ਕੁਦਰਤੀ ਇਨਸਾਫ ਦੇ ਸਾਰੇ ਅਸੂਲਾਂ ਅਤੇ ਬਿਜਲੀ ਬੋਰਡ ਦੇ ਨੇਮਾਂ ਨੂੰ ਛਿੱਕੇ ਤੇ ਟੰਗ ਕੇ ਬਚਾ-ਪੱਖ ਦੀ ਕੋਈ ਵੀ ਗਵਾਹੀ ਜਾਂ ਦਲੀਲ ਸੁਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਪਖਪਾਤੀ ਢੰਗਾਂ ਰਾਹੀਂ ਚੀਫ ਇੰਜੀਨੀਅਰ ਦੀਆਂ ਹਦਾਇਤਾਂ ਅਨੁਸਾਰ ਫੈਸਲੇ ਕੀਤੇ। ਨਤੀਜੇ ਵਜੋਂ 5 ਮੁਲਾਜ਼ਮਾਂ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਜਾ ਚੁੱਕਾ ਹੈ, 26 ਮੁਲਾਜ਼ਮਾਂ ਦੀਆਂ 3 ਤੋਂ 5 ਸਾਲ ਤੱਕ ਸਾਲਾਨਾ ਤਰੱਕੀਆਂ ਰੋਕੀਆਂ ਗਈਆਂ ਹਨ, 10 ਮੁਲਾਜ਼ਮਾਂ ਦੇ ਕੇਸ ਅਜੇ ਬਾਕੀ ਹਨ ਜਿਸ ਕਰਕੇ ਉਹ ਸਸਪੈਂਡ ਹੀ ਹਨ।

8 ਪੁਲਸ ਕੇਸਾਂ 'ਚੋਂ (ਜਿਨ੍ਹਾਂ ਵਿਚ 'ਅਮਨ ਭੰਗ ਹੋਣ ਦੇ ਖਤਰੇ' ਤੋਂ ਲੈ ਕੇ 'ਇਰਾਦਾ ਕਤਲ' ਤੱਕ ਸਭ ਦੋਸ਼ ਸ਼ਾਮਲ ਸਨ), 7 ਕੇਸਾਂ ਵਿਚ ਅਦਾਲਤਾਂ ਨੇ ਸਾਰੇ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ। ਪ੍ਰੰਤੂ ਅੱਠਵੇਂ ਕੇਸ, ਜਿਸ ਦਾ ਫੈਸਲਾ ਸਭ ਤੋਂ ਬਾਅਦ ਵਿਚ ਹੋਇਆ, ਵਿਚ 15 ਮੁਲਾਜ਼ਮਾਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਹੋ ਗਈ। ਇਥੇ ਇਸ ਕੇਸ ਬਾਰੇ ਥੋੜ੍ਹੇ ਵਿਸਥਾਰ ਵਿਚ ਜ਼ਿਕਰ ਕਰਨਾ ਜ਼ਰੂਰੀ ਹੈ, ਕਿਉਂਕਿ ਇਸਦਾ ਟਰੇਡ ਯੂਨੀਅਨ ਸਰਗਰਮੀਆਂ ਨਾਲ ਡੂੰਘਾ ਸਬੰਧ ਹੈ। ਪੁਲਸ ਨੇ ਇਕ ਮੁਲਾਜ਼ਮ ਆਗੂ ਪ੍ਰਿਥੀ ਸਿੰਘ ਨੂੰ ਇਸ ਸੰਘਰਸ਼ ਦੌਰਾਨ ਉਦੋਂ ਹਿਰਾਸਤ ਵਿਚ ਲੈ ਲਿਆ, ਜਦੋਂ ਉਹ ਥਰਮਲ ਕਾਲੋਨੀ ਵਿਚ ਲਾਊਡ ਸਪੀਕਰ ਰਾਹੀਂ ਸੰਘਰਸ਼ ਦੇ ਇਕ ਪ੍ਰੋਗ੍ਰਾਮ (ਰੈਲੀ) ਬਾਰੇ ਸੂਚਨਾ ਦੇ ਰਿਹਾ ਸੀ। ਇਹ ਭਲਾ ਕਿੱਡਾ ਕੁ ਵੱਡਾ ਗੁਨਾਹ ਸੀ ? ਸਾਡੀਆਂ ਗਲੀਆਂ, ਬਾਜ਼ਾਰਾਂ 'ਚ ਹਰ ਰੋਜ਼ ਸੈਂਕੜੇ ਲੋਕ ਅੱਡ ਅੱਡ ਕਿਸਮ ਦਾ ਪ੍ਰਚਾਰ ਸਪੀਕਰਾਂ ਰਾਹੀਂ ਕਰਦੇ ਹਨ (ਬਗੈਰ ਕਿਸੇ ਸਰਕਾਰੀ ਮਨਜ਼ੂਰੀ ਦੇ), ਲੱਚਰ ਗੀਤਾਂ ਦੇ ਰਿਕਾਰਡ ਵੀ ਵਜਾਉਂਦੇ ਹਨ, ਪ੍ਰੰਤੂ ਪੁਲਸ ਉਨ੍ਹਾਂ 'ਚੋਂ ਕਿਸੇ ਦਾ ਕਦੀ ਘੱਟ ਹੀ ਚਲਾਨ ਕਰਦੀ ਹੈ। ਸਪੱਸ਼ਟ ਹੈ ਕਿ ਥਰਮਲ ਮੁਲਾਜ਼ਮਾਂ ਤੇ ਇਹ ਕਰੋਪੀ ਸਿਰਫ ਉਨ੍ਹਾਂ ਦੇ ਸੰਘਰਸ਼ ਨੂੰ ਕੁਚਲਨ ਲਈ ਹੀ ਸੀ। ਇਸ ਗੱਲ ਦਾ ਪਤਾ ਲਗਣ ਤੇ ਹੋਰ ਮੁਲਾਜ਼ਮ ਇਕੱਠੇ ਹੋ ਗਏ। ਉਨ੍ਹਾਂ ਦੇ ਜੋਸ਼ ਨੂੰ ਵੇਖਦਿਆਂ ਠਾਣੇਦਾਰ ਨੇ ਉਦੋਂ ਤਾਂ ਪ੍ਰਿਥੀ ਸਿੰਘ ਨੂੰ ਛੱਡ ਦਿੱਤਾ, ਪ੍ਰੰਤੂ ਕਈ ਦਿਨ ਬਾਦ 15 ਮੁਲਾਜ਼ਮ ਆਗੂਆਂ ਦੇ ਖਿਲਾਫ 'ਧੱਕੇ ਨਾਲ' ਪ੍ਰਿਥੀ ਸਿੰਘ ਨੂੰ ਪੁਲਿਸ ਹਿਰਾਸਤ 'ਚੋਂ ਛੁਡਾਉਣ ਅਤੇ ਦੰਗਾ ਕਰਨ ਦੇ ਦੋਸ਼ ਲਾ ਕੇ ਕੇਸ ਦਰਜ ਕਰ ਲਿਆ। ਪੁਲਸ ਵੱਲੋਂ ਆਪਣੀ ਕਹਾਣੀ ਦੀ ਪ੍ਰੋੜਤਾ ਕਰਨ ਲਈ ਕੋਈ ਵੀ ਨਿਰਪੱਖ ਗੁਆਹ ਪੇਸ਼ ਨਾ ਕਰ ਸਕਣ ਦੇ ਬਾਵਜੂਦ ਵੀ ਅਦਾਲਤ ਨੇ ਇਨ੍ਹਾਂ ਆਗੂਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾ ਦਿੱਤੀ। ਚੀਫ ਇੰਜੀਨੀਅਰ ਨੇ ਤੁਰੰਤ ਇਹਨਾਂ ਸਾਰਿਆਂ ਨੂੰ ਨੌਕਰੀ ਤੋਂ ਡਿਸਮਿੱਸ ਕਰ ਦਿੱਤਾ।

ਅਪੀਲ ਵਿਚ ਉੱਪਰਲੀ ਅਦਾਲਤ ਨੇ ਸਜ਼ਾ ਮੁਆਫ਼ ਕਰ ਦਿੱਤੀ ਹੈ ਅਤੇ ਦੋ ਸਾਲਾਂ ਲਈ 'ਨੇਕ ਚਲਨੀ' ਦੀ ਜ਼ਮਾਨਤ ਪ੍ਰੋਬੇਸ਼ਨ ਆਫ਼ ਆਫੈਂਡਰਜ਼ ਐਕਟ ਦੇ ਤਹਿਤ ਕਰ ਦਿੱਤੀ ਹੈ। ਕੇਂਦਰੀ ਸਰਕਾਰ ਦੇ ਕਾਨੂੰਨ ਮੰਤਰਾਲੇ ਦੀਆਂ ਸਪਸ਼ਟ ਹਦਾਇਤਾਂ ਅਤੇ ਇਸ ਐਕਟ ਦੀ ਧਾਰਾ 12 ਜੋ ਅਜੇਹੇ ਕੇਸਾਂ ਵਿਚ ਕਿਸੇ ਵੀ ਮੁਲਾਜ਼ਮ ਨੂੰ ਨੌਕਰੀ ਤੋਂ ਡਿਸਮਿਸ ਕੀਤੇ ਜਾਣ ਨੂੰ ਗੈਰ ਕਾਨੂੰਨੀ ਦੱਸਦੀਆਂ ਹਨ, ਦੀਆਂ ਧੱਜੀਆਂ ਉਡਾਉਂਦਿਆਂ, ਚੀਫ਼ ਇੰਜੀਨੀਅਰ ਇਨ੍ਹਾਂ 15 ਮੁਲਾਜ਼ਮ ਆਗੂਆਂ ਨੂੰ ਬਹਾਲ ਕਰਨ ਤੋਂ ਸਾਫ਼ ਇਨਕਾਰ ਕਰ ਚੁੱਕਾ ਹੈ। ਨਤੀਜੇ ਵਜੋਂ ਇਨ੍ਹਾਂ ਮੁਲਾਜ਼ਮਾਂ ਨੂੰ ਮਜਬੂਰਨ ਹਾਈ ਕੋਰਟ 'ਚ ਜਾਣਾ ਪਿਆ ਹੈ।

ਥਰਮਲ ਅਧਿਕਾਰੀ, ਆਗੂਆਂ ਦੀ ਵਿਕਟੇਮਾਈਜ਼ੇਸ਼ਨ ਤੋਂ ਪੈਦਾ ਹੋਏ ਸਹਿਮ ਭਰੇ ਮਹੌਲ ਦਾ ਫ਼ਾਇਦਾ ਉਠਾਉਂਦੇ ਹੋਏ, ਪਲਾਂਟ ਦੇ ਅੰਦਰ ਜਾਂ ਬਾਹਰ, ਕਿਸੇ ਵੀ ਕਿਸਮ ਦੀ ਟਰੇਡ ਯੂਨੀਅਨ ਸਰਗਰਮੀ-ਇਥੋਂ ਤੱਕ ਕਿ ਯੂਨੀਅਨ ਲਈ ਜਾਂ ਵਿਕਟੇਮਾਈਜ਼ ਕੀਤੇ ਮੁਲਾਜ਼ਮਾਂ ਲਈ ਫੰਡ ਇਕੱਠਾ ਕਰਨ ਦੀ ਵੀ ਇਜਾਜ਼ਤ ਨਹੀਂ ਦੇ ਰਹੇ। ਪਿਛਲੇ ਸਮੇਂ 'ਚ ਜਦੋਂ ਵੀ ਕਿਸੇ ਨੇ ਇਉਂ ਕਰਨ ਦੀ ਜੁਰਅਤ ਕੀਤੀ ਹੈ ਤਾਂ ਉਸ ਨੂੰ ਜਾਂ ਤਾਂ ਬਦਲੀ ਅਤੇ ਨੌਕਰੀ ਤੋਂ ਡਿਸਮਿਸ ਕਰਨ ਦਾ ਡਰਾਵਾ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ ਜਾਂ ਉਸ ਦੇ ਖਿਲਾਫ 'ਅਮਨ-ਭੰਗ ਹੋਣ ਦਾ ਖਤਰਾ' ਦੱਸ ਕੇ ਪੁਲਸ ਕੇਸ ਦਰਜ ਕਰਵਾ ਦਿਤਾ ਜਾਂਦਾ ਹੈ।

ਅਖ਼ਬਾਰਾਂ ਅਤੇ ਸਰਕਾਰੀ ਪ੍ਰਚਾਰ ਮਾਧਿਅਮਾਂ ਰਾਹੀਂ ਥਰਮਲ ਅਧਿਕਾਰੀ ਢਿੰਢ-ਢਿੰਢ ਕੇ ਇਹ ਪ੍ਰਚਾਰ ਕਰ ਰਹੇ ਹਨ ਕਿ ਮੁਲਾਜ਼ਮਾਂ ਦੀ ਫੈਡਰੇਸ਼ਨ ਨਾਲ "ਕਰੜੇ ਹੱਥੀਂ ਸਿੱਝਣ" ਤੋਂ ਬਾਦ ਪਲਾਂਟ ਦੀ ਬਿਜਲੀ ਦੀ ਪੈਦਾਵਾਰ 'ਚ ਬੇਅੰਤ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਉਹ ਆਪਣੀਆਂ ਨਾਲਾਇਕੀਆਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਲਕੋ ਰਹੇ ਹਨ। ਪਲਾਂਟ ਦਾ ਇਕ ਯੂਨਿਟ ਜੋ ਪਿਛੇ ਜਿਹੇ ਹੀ ਓਵਰਹਾਲ ਹੋਇਆ ਸੀ, ਲੱਗ ਪੱਗ ਤਿੰਨ ਮਹੀਨੇ ਤੋਂ ਬੰਦ ਪਿਆ ਹੈ, ਇਕ ਹੋਰ ਯੂਨਿਟ ਦੋ ਮਹੀਨਿਆਂ ਤੋਂ ਬੰਦ ਹੈ, ਪਰੰਤੂ ਇਸ ਬਾਰੇ ਕੋਈ ਵੀ ਖ਼ਬਰ ਬਾਹਰ ਨਹੀਂ ਨਿੱਕਲਣ ਦਿੱਤੀ ਜਾ ਰਹੀ।

ਥਰਮਲ ਅਤੇ ਬਿਜਲੀ ਬੋਰਡ ਦੇ ਅਧਿਕਾਰੀਆਂ ਦੇ ਮੁਲਾਜ਼ਮ ਵਿਰੋਧੀ ਰਵੱਈਏ ਨੂੰ ਧਿਆਨ 'ਚ ਰੱਖਦਿਆਂ ਥਰਮਲ ਮੁਲਾਜ਼ਮਾਂ ਦੀ ਵਿਕਟੇਮਾਈਜ਼ੇਸ਼ਨ ਰੱਦ ਕਰਵਾਉਣ ਦਾ ਮਸਲਾ ਅੱਜ ਸਮੁੱਚੀ ਟਰੇਡ ਯੂਨੀਅਨ ਲਹਿਰ ਲਈ ਇਕ ਗੰਭੀਰ ਅਤੇ ਮਹੱਤਵ ਪੂਰਨ ਮਸਲਾ

ਹੈ। ਪਿਛਲੇ ਦਿਨੀਂ ਕੁਝ ਸਥਾਨਕ ਟ੍ਰੇਡ ਯੂਨੀਅਨਾਂ ਨੇ ਮਿਲ ਕੇ ਇਸ ਸੰਬੰਧ ਵਿਚ ਇਕ ਸਹਾਇਤਾ ਕਮੇਟੀ ਬਣਾਈ ਹੈ ਜਿਸ ਦਾ ਮੁੱਖ ਕਾਰਜ ਇਨ੍ਹਾਂ ਮੁਲਾਜ਼ਮਾਂ ਲਈ ਮਾਲੀ ਅਤੇ ਇਖਲਾਕੀ ਮੱਦਦ ਜੁਟਾਉਣਾਂ ਤਹਿ ਕੀਤਾ ਗਿਆ ਹੈ।

ਸਹਾਇਤਾ ਕਮੇਟੀ ਦੇ ਅੰਦਾਜ਼ੇ ਅਨੁਸਾਰ, ਜੇ ਸਾਰੇ ਡਿਸਮਿਸ ਹੋਏ ਥਰਮਲ ਮੁਲਾਜ਼ਮਾਂ ਦੇ ਕੇਸ ਹਾਈ ਕੋਰਟ ਜਾਂ ਹੋਰ ਅਦਾਲਤਾਂ ਵਿਚ ਲੜੇ ਜਾਂਦੇ ਹਨ ਤਾਂ ਇਸ ਕੰਮ ਲਈ ਘੱਟੋ ਘੱਟ 40-50 ਹਜ਼ਾਰ ਰੁਪਏ ਦੀ ਲੋੜ ਹੈ। ਕਿਉਂਕਿ ਕਮੇਟੀ ਦੇ ਆਪਣੇ ਵਸੀਲੇ ਸੀਮਿਤ ਹਨ, ਇਸ ਲਈ ਇਸ ਪੇਪਰ ਦੇ ਕਾਲਮਾਂ ਰਾਹੀਂ ਪੰਜਾਬ ਦੀਆਂ ਸਮੂਹ ਮੁਲਾਜ਼ਮ ਜਥੇਬੰਦੀਆਂ ਅਤੇ ਇਨਸਾਫ਼-ਪਸੰਦ ਲੋਕਾਂ ਨੂੰ ਸਹਾਇਤਾ-ਫੰਡ ਇਕੱਠਾ ਕਰਨ ਲਈ ਅਪੀਲ ਕੀਤੀ ਜਾਂਦੀ ਹੈ।

ਇਸ ਦੇ ਨਾਲ ਹੀ ਸਹਾਇਤਾ ਕਮੇਟੀ ਸਮੂਹ ਮੁਲਾਜ਼ਮ ਜੱਥੇ ਬੰਦੀਆਂ, ਇਨਸਾਫ ਪਸੰਦ ਲੋਕਾਂ, ਜਨਤਕ ਜੱਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਨੂੰ ਅਪੀਲ ਕਰਦੀ ਹੈ ਕਿ ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਉਹ ਥਰਮਲ ਦੇ ਵਿਕਟੇਮਾਈਜ਼ਡ ਮੁਲਾਜ਼ਮਾਂ ਦੇ ਹੱਕ 'ਚ ਮਤੇ ਪਾਸ ਕਰਕੇ, ਪ੍ਰੈਸ-ਬਿਆਨ ਦੇ ਕੇ, ਅਤੇ ਮੁੱਖ ਮੰਤਰੀ ਪੰਜਾਬ, ਚੇਅਰਮੈਨ ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ, ਚੀਫ਼ ਇੰਜੀਨੀਅਰ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਨੂੰ ਖਤ ਲਿਖ ਕੇ, ਆਵਾਜ਼ ਬੁਲੰਦ ਕਰਨ-ਜਿਨ੍ਹਾਂ ਦੀ ਕਾਪੀ ਸਹਾਇਤਾ ਕਮੇਟੀ ਨੂੰ ਭੇਜ ਦਿੱਤੀ ਜਾਵੇ।

ਵਲੋਂ—

ਨਰਿੰਦਰ ਕੁਮਾਰ ਜੀਤ, ਕਨਵੀਨਰ,
ਥਰਮਲ ਦੇ ਵਿਕਟੇਮਾਈਜ਼ਡ ਮੁਲਾਜ਼ਮਾਂ
ਦੀ ਸਹਾਇਤਾ ਕਮੇਟੀ ਮਾਰਫਤ
13-10-85 ਟਲੀਫੋਨ ਕੇਂਦਰ, ਗੋਨਿਆਣਾ ਮੰਡੀ,

---

## ਪਾਠਕ ਲੇਖਕ ਫੋਰਮ

### 1. ਪੁਸਤਕ "ਤੀਲੇ ਅਤੇ ਆਲ੍ਹਣਾ" ਬਾਰੇ ਸੰਪਾਦਕ ਦੇ ਵਿਚਾਰ ਤੇ ਇਕ ਸਪੱਸ਼ਟੀਕਰਨ

ਪੰਜਾਬ ਲੋਕ ਸਭਿਆਚਾਰ ਮੰਚ ਦੇ ਮਾਰਚ 1985 ਵਿਚ, ਪਿੰਡ ਛੰਦੜਾਂ (ਲੁਧਿਆਣਾ) ਵਿਖੇ ਹੋਏ ਇਕ ਵਿਸ਼ਾਲ ਸਭਿਆਚਾਰ ਸਮਾਗਮ ਸਮੇਂ ਮੰਚ ਦੀ ਸੂਬਾ ਕਮੇਟੀ ਨੇ ਆਪਣੀ ਇਕ ਇਕੱਤਰਤਾ ਵਿਚ ਮੈਨੂੰ ਇਹ ਜ਼ਿੰਮੇਵਾਰੀ ਦਿਤੀ ਸੀ ਕਿ ਮੈਂ ਪੰਜਾਬ ਦੇ ਵਰਤਮਾਨ ਦੁਖਾਂਤ ਬਾਰੇ ਲਿਖੀਆਂ ਗਈਆਂ ਕਹਾਣੀਆਂ ਵਿਚੋਂ ਪ੍ਰਤੀਨਿਧਤ ਕਹਾਣੀਆਂ ਚੁਣ ਕੇ ਮੰਚ ਵਲੋਂ ਪ੍ਰਕਾਸ਼ਨ ਲਈ ਤਿਆਰ ਕਰਾਂ ਅਤੇ ਆਪਣਾ ਤਿਆਰ ਕੀਤਾ ਖਰੜਾ ਜੂਨ 1985 ਤਕ ਮੰਚ ਨੂੰ ਪੇਸ਼ ਕਰ ਦਿਆਂ। ਮੈਂ ਲਗ ਭਗ ਤਿੰਨ ਮਹੀਨਿਆਂ ਦਾ ਸਮਾਂ ਲਗਾ ਕੇ, ਬਹੁਤ ਸਾਰੇ ਪੰਜਾਬੀ ਕਹਾਣੀਕਾਰਾਂ ਨੂੰ ਆਪਣੇ ਵਲੋਂ ਚਿੱਠੀਆਂ ਲਿਖ ਕੇ, ਕਹਾਣੀਆਂ ਮੰਗਵਾਈਆਂ, ਬਹੁਤ ਸਾਰੀਆਂ ਛਪੀਆਂ ਕਹਾਣੀਆਂ ਸਾਰੇ ਪੰਜਾਬੀ ਅਖ਼ਬਾਰਾਂ ਰਸਾਲਿਆਂ ਵਿਚੋਂ ਵਾਚੀਆਂ ਅਤੇ ਪੰਦਰਾਂ ਬਿਹਤਰੀਨ ਪੰਜਾਬੀ ਕਹਾਣੀਆਂ ਛਾਂਟ ਕੇ ਖਰੜਾ ਤਿਆਰ ਕੀਤਾ। ਕਰੀਬ ਚਾਲੀ ਕਹਾਣੀਆਂ ਨੀਝ ਨਾਲ ਪੜ੍ਹ ਕੇ ਮੈਂ ਇਹ ਪੰਦਰਾਂ ਕਹਾਣੀਆਂ ਚੁਣੀਆਂ ਸਨ। ਸਬੰਧਤ ਕਹਾਣੀਕਾਰਾਂ ਪਾਸੋਂ ਕਹਾਣੀ ਛਾਪਣ ਲਈ ਮੈਂ ਲਿਖਤੀ ਆਗਿਆ ਵੀ ਲੈ ਲਈ ਸੀ। ਤਿੰਨ ਸਫਿਆਂ ਦੀ ਸੰਪਾਦਕੀ ਲਿਖੀ—ਜਿਸ ਵਿਚ ਸੰਖੇਪ ਵਿਚ ਲਿਖਿਆ ਸੀ ਕਿ ਪੰਜਾਬ ਦੀ ਮੌਜੂਦਾ ਸਮਸਿਆ ਕੀ ਹੈ ? ਇਹ ਕਹਾਣੀਆਂ ਕਿਉਂ ਚੁਣੀਆਂ ਗਈਆਂ ਹਨ ? ਇਹ ਕਹਾਣੀਆਂ ਜਿਵੇਂ ਪੰਜਾਬ ਦੇ ਵਰਤਮਾਨ ਦੁਖਾਂਤ ਨੂੰ ਉਲੀਕਦੀਆਂ ਹਨ ? ਆਦਿ ! ਪਰ ਮੇਰੀ ਇਹ ਸੰਪਾਦਕੀ ਪੁਸਤਕ ਦੇ ਨਾਲ ਛਪੀ ਨਹੀਂ। ਪੁਸਤਕ ਬੇਪਰਦਾ ਛਪੀ ਹੈ। ਇਹ ਕਹਾਣੀਆਂ ਕਿਉਂ ਲਈਆਂ ਗਈਆਂ ਹਨ ? ਸਮਸ਼ਿਆ ਕੀ ਹੈ ? ਆਦਿ ਬਾਰੇ ਪੁਸਤਕ ਵਿਚ ਕੁਝ ਨਹੀਂ ਦਸਿਆ ਗਿਆ। ਸੰਪਾਦਕੀ ਤੋਂ ਬਿਨਾਂ ਇਹ ਪੁਸਤਕ ਇਸ ਤਰਾਂ ਹੈ ਜਿਵੇਂ ਸਰਨਾਵੇਂ ਤੋਂ ਬਿਨਾਂ ਚਿੱਠੀ। ਸ਼ਾਮਲ ਕਹਾਣੀਕਾਰਾਂ ਨੇ ਵੀ ਮੈਨੂੰ ਇਸ ਬਾਰੇ ਪੁਛਿਆ ਹੈ ਅਤੇ ਸਾਧਾਰਨ ਪਾਠਕਾਂ ਨੇ ਵੀ।

ਇਸ ਪੁਸਤਕ ਵਿਚ ਸਮਰਪਣ ਵਜੋਂ ਮੇਰੇ ਵਲੋਂ ਇਹ ਸ਼ਬਦ ਸਨ—"ਰਜਨੀ ਕੁਠਾਰੀ, ਰਾਮ ਜੇਠ ਮਲਾਨੀ, ਇੰਦਰ ਕੁਮਾਰ ਗੁਜਰਾਲ, ਗੋਬਿੰਦਾ ਮਖੋਟੀ, ਗੁਰਸ਼ਰਨ ਸਿੰਘ ਅਤੇ ਵੀ. ਐਮ. ਤਾਰਕੁੰਡੇ—ਜਿਨ੍ਹਾਂ ਨੇ ਪੰਜਾਬ ਦੇ ਦਰਦ ਨੂੰ ਅਨੁਭਵਿਆ ਅਤੇ ਠੀਕ ਰੌਸ਼ਨੀ ਵਿਚ ਪਰਗਟਾਇਆ।"—ਪਰ 'ਤੀਲੇ ਅਤੇ ਆਹਲਣੇ' ਵਿਚ ਜਿਹੜਾ ਸਮਰਪਣ ਛਪਿਆ ਹੈ ਉਹ ਇਹ ਨਹੀਂ ਹੈ।

ਸੁਖਬੀਰ ਨੂੰ ਮੈਂ ਬੰਬਈ ਚਿੱਠੀ ਲਿਖੀ ਸੀ ਕਿ ਉਹ ਆਪਣੀ ਕੋਈ ਪੰਜਾਬ ਦੇ ਵਰਤਮਾਨ ਦੁਖਾਂਤ ਬਾਰੇ ਲਿਖੀ ਕਹਾਣੀ ਮੈਨੂੰ ਭੇਜ ਦੇਵੇ। ਉਸ ਦਾ ਉੱਤਰ ਆਇਆ ਸੀ ਕਿ ਪੰਜਾਬ ਦੀ ਸਮਸਿਆ ਬਾਰੇ ਉਸ ਨੇ ਕੋਈ ਕਹਾਣੀ ਨਹੀਂ ਲਿਖੀ। ਮੈਂ ਉਹ ਚਿੱਠੀ, ਹੋਰ ਚਿੱਠੀਆਂ ਨਾਲ ਪਰਧਾਨ ਪਲਸ ਮੰਚ ਨੂੰ, ਅੰਮ੍ਰਿਤਸਰ ਭੇਜ ਦਿੱਤੀ ਸੀ। ਪਰ 'ਤੀਲੇ ਅਤੇ ਆਹਲਣਾ' ਵਿਚ ਸੁਖਬੀਰ ਦੀ ਪਹਿਲੀ ਕਹਾਣੀ ਹੈ, ਜਦੋਂ ਕਿ ਹੋਰ ਚਾਰ ਕਹਾਣੀਆ ਗਾਇਬ ਹਨ।

ਮੈਂ ਅੱਧ ਜੂਨ ਤਕ ਇਹ ਪੁਸਤਕ ਤਿਆਰ ਕਰਨੀ ਸੀ। ਪਰਧਾਨ ਪਲਸ ਮੰਚ ਕਨੇਡਾ ਗਏ ਹੋਏ ਸਨ। ਮੈਨੂੰ

ਸਕੱਤਰ ਪਲਸ ਮੰਚ ਦੀ ਚਿੱਠੀ ਆਈ ਕਿ ਮੈਂ ਇਹ ਖਰੜਾ ਸ੍ਰੀ ਜੱਸ ਨੂੰ ਭੇਜ ਦਿਆਂ ਕਿਉਂਕਿ ਪਰਧਾਨ ਸਾਹਿਬ ਇਸ ਪੁਸਤਕ ਨੂੰ ਛਾਪਣ ਦੇ ਸਾਰੇ ਅਖਤਿਆਰ ਸਕੱਤਰ ਸਾਹਿਬ ਨੂੰ ਦੇ ਗਏ ਸਨ। ਸਕੱਤਰ ਦੀ ਚਿੱਠੀ ਅਨੁਸਾਰ ਮੈਂ ਤਿੰਨ ਜੂਨ 1985 ਨੂੰ 'ਤੀਲੇ ਅਤੇ ਆਹਲਣਾ' ਦਾ ਖਰੜਾ ਰਜਿਸਟਰਡ ਪਾਰਸਲ ਕਰਕੇ ਸ੍ਰੀ ਜਸ ਨੂੰ ਭੇਜ ਦਿੱਤਾ। ਉਸ ਤੋਂ ਬਾਅਦ ਕਰੀਬ ਦੋ ਮਹੀਨੇ ਮੈਨੂੰ ਖਰੜੇ ਦੀ ਪਹੁੰਚ ਬਾਰੇ ਵੀ ਕੋਈ ਖ਼ਤ ਨਾ ਆਇਆ। ਮੇਰੀ ਸੰਪਾਦਕੀ ਨੂੰ ਅਤੇ ਸਮਰਪਣ ਨੂੰ ਬਾਹਰ ਕੱਢਣ ਬਾਰੇ, ਚਾਰ ਕਹਾਣੀਆਂ ਖਰੜੇ ਵਿਚੋਂ ਖਾਰਜ ਕਰਨ ਬਾਰੇ ਅਤੇ 1947 ਬਾਰੇ ਲਿਖੀ ਸੁਖਬੀਰ ਦੀ ਕਹਾਣੀ ਸ਼ਾਮਲ ਕਰਨ ਬਾਰੇ, ਮੇਰੀ ਕੋਈ ਰਾਏ ਨਹੀਂ ਲਈ ਗਈ—ਮੈਨੂੰ ਇਸ ਬਾਰੇ ਇਤਲਾਹ ਤਕ ਵੀ ਨਹੀ ਦਿੱਤੀ ਗਈ। ਹਾਲਾਂਕਿ ਮੇਰੀ ਸਲਾਹ ਲੈਣੀ ਜ਼ਰੂਰੀ ਹੋਣੀ ਚਾਹੀਦੀ ਸੀ।

'ਤੀਲੇ ਅਤੇ ਆਹਲਣਾ' ਦੀ ਸੰਪਾਦਕੀ ਵਿਚ ਮੈਂ ਲਿਖਿਆ ਸੀ..."ਇਹ ਕਹਾਣੀਆਂ ਸਾਡੇ ਅਜੋਕੇ ਕਾਲੇ ਦੌਰ ਦੀ ਤੜਪ, ਜਨੂੰਨ ਧਰਮ-ਧੂੰਆਖੇ-ਦਰਦ ਨੂੰ ਆਪਣੇ ਸੀਨੇ ਵਿਚ ਸਮੋਈ ਬੈਠੀਆਂ ਹਨ। ਇਹਨਾਂ ਕਹਾਣੀਆਂ ਵਿਚ ਕਿਧਰੇ ਵੀ ਤੁਹਾਨੂੰ ਕੋਈ ਸੰਪਰਦਾਇਕ ਵਿਸ਼ੇ ਦੀ ਕੀਲੀ ਲੀਕ ਨਹੀਂ ਮਿਲੇਗੀ। ਦਰਦ ਦਾ ਕੋਈ ਧਰਮ ਨਹੀਂ ਹੁੰਦਾ, ਪੀੜ ਦੀ ਕੋਈ ਜ਼ਾਤ ਨਹੀਂ ਹੁੰਦੀ, ਕਲਮ ਦਾ ਕੋਈ ਫਿਰਕਾ ਨਹੀਂ ਹੁੰਦਾ। ਧਰਮਾਂ, ਜ਼ਾਤਾਂ ਵਾਲੀਆਂ ਰੰਗੀਨ ਕਲਮਾਂ ਚਪਣੀ ਦੇ ਪਾਣੀ ਵਿਚੋਂ ਟੌਭਾ ਲੈਂਦੀਆਂ ਹਨ। ਪਰ ਲੋਕ ਜਮਾਤੀ ਕਲਮਾਂ ਸੂਹ ਸਾਗਰ ਵਿਚ ਆਪਣੀ ਨਿੱਭ ਡਬਾਉਂਦੀਆਂ ਹਨ।

...'ਤੀਲੇ ਅਤੇ ਆਹਲਣਾ' ਵਿਚ ਸ਼ਾਮਲ ਕੀਤੀਆਂ ਗਈਆਂ ਕਹਾਣੀਆਂ, ਪੰਜਾਬ ਦੀ ਸਮਸਿਆ ਨੂੰ ਹਰ ਕੋਨੇ ਤੋਂ ਵੇਖਦੀਆਂ ਅਤੇ ਉਲੀਕਦੀਆਂ ਹਨ। ਆਪਣੇ ਸਮੇਂ ਦਾ ਕਥਾਮਈ ਤੇ ਕਥਾਮਈ ਇਤਿਹਾਸ ਹਨ। ਸਾਡੇ ਨੇੜੇ ਦੇ ਜਾਣੇ ਪਛਾਣੇ ਨਿਰੋਏ,ਪਰ ਗਮਜ਼ਦਾ ਸੋਚਵਾਨ ਜੀਉਂਦੇ ਪਾਤਰ ਹਨ। ਸਾਡੇ ਹੱਡੀ ਬੀਤੀਆਂ ਘਟਨਾਵਾਂ ਹਨ। ਆਪਣੇ ਸਮੇਂ ਦੀ ਪ੍ਰਤੀਨਧਤਾ ਕਰਦੀਆਂ ਹਨ ਇਹ ਕਹਾਣੀਆਂ। ਕਥਾਕਾਰਾਂ ਦੇ ਨਾਮਾਂ ਨਾਲੋਂ ਕਥਾ ਦੀ ਲੋਕ ਪ੍ਰਤੀਬਧਤਾ ਅਤੇ ਕਲਾ-ਪਰਬੀਨਤਾ ਪਲ ਬਹੁਤਾ ਧਿਆਨ ਦਿਤਾ ਗਿਆ ਹੈ।" ਇਸ ਪੁਸਤਕ ਵਿਚ ਸ਼ਾਮਲ ਅਤੇ ਬਾਹਰ ਰਹਿ ਗਏ ਕਹਾਣੀਕਾਰਾਂ, ਪਾਠਕਾਂ ਅਤੇ ਅਲੋਚਕਾਂ ਨੂੰ ਮੇਰੀ ਬੇਨਤੀ ਹੈ ਕਿ ਉਪਰ ਲਿਖੇ ਅੱਖਰਾਂ ਦੀ ਰੌਸ਼ਨੀ ਵਿਚ ਇਸ ਪੁਸਤਕ ਨੂੰ ਮੁੜ ਪੜ੍ਹਨ-ਅਤੇ ਰਹਿ ਗਈਆਂ ਊਣਤਾਈਆਂ ਦੀ ਜ਼ਿਮੇਵਾਰੀ ਤੋਂ ਮੈਨੂੰ ਮੁਕਤ ਕਰ ਦੇਣ। ਧਨਵਾਦ।

—ਹਮਦਰਦਵੀਰ ਨੌਸ਼ਹਿਰਵੀ, ਸਮਰਾਲਾ

### ਸਪਸ਼ਟੀਕਰਨ :

ਪਲਸ ਮੰਚ ਦੇ ਇਕ ਫੈਸਲੇ ਅਨੁਸਾਰ ਪਲਸ ਮੰਚ ਵਲੋਂ ਛਾਪੀ ਜਾਣ ਵਾਲੀ ਹਰ ਪੁਸਤਕ ਬਾਰੇ ਪਲਸ ਮੰਚ ਦੀ ਤਿੰਨ ਮੈਂਬਰੀ ਪ੍ਰਕਾਸ਼ਨਾਂ ਕਮੇਟੀ ਵਲੋਂ ਵਿਚਾਰਿਆ ਜਾਣਾ ਅਤੇ ਪ੍ਰਵਾਨਗੀ ਜ਼ਰੂਰੀ ਹੈ। 'ਤੀਲੇ ਪਤੇ ਆਹਲਣਾ' ਬਾਰੇ ਵੀ ਇਸ ਤਰ੍ਹਾਂ ਹੀ ਕੀਤਾ ਗਿਆ ਤੇ ਖਰੜੇ ਵਿਚ ਕੁਝ ਤਬਦੀਲੀਆਂ ਅਤੇ ਸੰਪਾਦਕੀ ਨੋਟ ਵਿਚ ਵੀ ਕੁਝ ਗੱਲਾਂ ਕਟਣ ਅਤੇ ਕਝ ਹੋਰ ਲਿਖਣ ਬਾਰੇ ਸੁਝਾਅ ਦਿਤਾ ਗਿਆ। ਇਹਦੇ ਬਾਰੇ ਇਹ ਵੀ ਕਿਹਾ ਗਿਆ ਕਿ ਸੰਪਾਦਕ ਨਾਲ ਇਹਨਾਂ ਸੁਝਾਵਾਂ ਬਾਰੇ ਵਿਚਾਰ ਵਟਾਂਦਰਾਂ ਕਰਕੇ ਪ੍ਰਵਾਨਗੀ ਲੈ ਲਈ ਜਾਏ। ਇਹ ਖਰੜਾ ਤੇ ਉਪਰਲਾ ਨੋਟ ਪਲਸ ਮੰਚ ਦੇ ਸਕੱਤ੍ਰ ਵਲੋਂ ਅੰਮ੍ਰਿਤਸਰ ਪ੍ਰੈਸ ਵਿਚ ਦੇ ਦਿਤਾ ਗਿਆ। ਮੈਂ ਆਪ ਉਹਨਾਂ ਦਿਨਾਂ ਵਿਚ ਕੈਨੇਡਾ ਗਿਆ ਸਾਂ। ਵਾਪਸ ਆਇਆ ਤਾਂ ਖਰੜਾ ਪ੍ਰੈਸ ਵਿਚ ਪਿਆ ਸੀ, ਪਰ ਉਪਰਲਾ ਨੋਟ ਮੈਨੂੰ ਨਹੀਂ ਮਿਲਿਆ, ਸ਼ਾਇਦ ਉਹ ਕਾਗਜ਼ਾਂ ਦੀ ਭਰਮਾਰ ਵਿਚ ਪ੍ਰੈਸ ਵਾਲਿਆਂ ਕੋਲੋਂ ਇਧਰ ਉਧਰ ਹੋ ਗਿਆ। ਮੈਂ ਇਹ ਖਿਆਲ ਕਰਕੇ ਕਿ ਪ੍ਰਕਾਸ਼ਨਾਂ ਕਮੇਟੀ ਨੇ ਸੰਪਾਦਕ ਨਾਲ ਸਾਰੀ ਗੱਲਬਾਤ ਕਰਕੇ ਹੀ ਇਹ ਖਰੜਾ ਅੰਤਮ ਰੂਪ ਵਿਚ ਕਮੇਟੀ ਅਤੇ ਸੰਪਾਦਕ ਦੋਨਾਂ ਦੀ ਪਰਵਾਨਗੀ ਨਾਲ ਹੀ ਪ੍ਰੈਸ ਵਿਚ ਦਿਤਾ ਹੋਣਾ ਹੈ, ਉਸਨੂੰ ਛਪਵਾ ਦਿਤਾ। ਉਸ ਨੋਟ ਬਾਰੇ ਪਤਾ ਕਿਤਾਬ ਦੇ ਰੀਲੀਜ਼ ਸਮਾਗਮ ਵੇਲੇ ਹੀ ਲਗਿਆ। ਅਸਲ ਵਿਚ ਮੇਰੀ ਗ਼ੈਰਹਾਜ਼ਰੀ ਕਰਕੇ ਪ੍ਰਕਾਸ਼ਨ ਕਮੇਟੀ ਤੇ ਸੰਪਾਦਕ ਦਾ ਸੰਪਰਕ ਨਹੀਂ ਬਣ ਸਕਿਆਂ ਤੇ ਨੋਟ ਦੇ ਮੁਤਾਬਿਕ ਮੈਂ ਕਮੇਟੀ ਦੇ ਸੁਝਾਅ ਸੰਪਾਦਕ ਤਕ ਪੁਚਾਣੇ ਸਨ। ਮੇਰੀ ਅਪਣੀ ਧਾਰਨਾ ਹੈ ਕਿ ਪਲਸ ਮੰਚ ਵਲੋਂ ਕੋਈ ਵੀ ਕਿਤਾਬ ਪ੍ਰਕਾਸ਼ਨਾ ਕਮੇਟੀ ਤੇ ਸੰਪਾਦਕ ਜਿਸਦੇ ਜ਼ਿਮੇ ਇਹ ਕਿਤਾਬ ਤਿਆਰ ਕਰਨੀ ਲਗਾਈ ਗਈ ਹੈ, ਦੋਨਾਂ ਦੀ ਪ੍ਰਵਾਨਗੀ ਹੀ ਛਪਣੀ ਚਾਹੀਦੀ ਹੈ। ਤਾਲਮੇਲ ਦੀ ਘਾਟ ਕਰਕੇ ਇਹ ਗਲਤੀ ਹੋਈ ਹੈ ਜਿਸਦਾ ਅਗੇ ਲਈ ਖਿਆਲ ਰਖਣਾ ਜ਼ਰੂਰੀ ਹੈ ਤੇ ਰਖਿਆ ਵੀ ਜਾਏਗਾ ਸੰਪਾਦਕ ਕੋਲੋਂ ਪਲਸ ਮੰਚ ਦੇ ਪ੍ਰਧਾਨ ਦੀ ਹੈਸੀਅਤ ਵਿਚ ਖਿਮਾਂ ਦਾ ਜਾਚਕ ਹਾਂ। —ਗੁਰਸ਼ਰਨ ਸਿੰਘ

## 2. ਇਕ ਚਿੱਠੀ ਤੇ ਉਹਦਾ ਜਵਾਬ

ਅਕਤੂਬਰ ਅੰਕ ਬੜੀ ਹੀ ਉਤਸੁਕਤਾ ਨਾਲ ਪੜ੍ਹਿਆ, ਪੜ੍ਹ ਕੇ ਬੜੀ ਹੀ ਹੈਰਾਨੀ ਹੋਈ ਤੁਸੀਂ ਅਕਾਲੀਆਂ ਦੀ ਜਿੱਤ ਤੇ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੱਤੀ। ਇਹ ਉਹ ਅਕਾਲੀ ਨੇ, ਜਿਨ੍ਹਾਂ ਦੇ ਪਿਛਲੇ ਰਾਜ ਵਿਚ ਸਾਡੇ .4 ਨਕਸਲੀ ਸਾਥੀ, ਝੂਠੇ ਮੁਕਾਬਲਿਆਂ ਵਿਚ ਸ਼ਹੀਦ ਹੋ ਸੀ। ਇਨ੍ਹਾਂ ਦੇ ਪਾਲਤੂ ਗੁੰਡਿਆਂ ਨੇ, "ਪ੍ਰਿਥੀ" ਵਰਗੇ

Registered with the Registrar of News Papers, Vide No MA/12397-D dated 18 4 80
Post Office No. P/AR—133

ਜਨਤਕ ਆਗੂਆਂ ਨੂੰ ਚੁੱਕ ਕੇ ਸ਼ਹੀਦ ਕੀਤਾ ਅਤੇ ਇਨ੍ਹਾਂ ਦੇ ਅਕਾਲੀ ਵਿਧਾਨਕਾਂ ਨੇ ਆਪਣੇ ਘਰਾਂ ਵਿਚ ਉਨ੍ਹਾਂ ਨੂੰ ਪਨਾਹ ਦਿਤੀ। ਉਹੀ ਲੱਖਾਂ ਰੁਪਿਆਂ ਦਾ ਕਾਗਜ਼ ਖਾਣ ਵਾਲੇ ਇਨ੍ਹਾਂ ਦੇ ਹੁਣ ਵੀ ਮੰਤਰੀ ਨੇ।

ਹੁਣ ਤੁਸੀਂ ਇਹ ਕਹੋਗੇ ਕਿ ਅਸੀਂ ਅਕਾਲੀਆਂ ਦੀ ਜਿਤਦੀ ਨਹੀਂ ਸਗੋਂ ਕਾਂਗਰਸ ਦੀ ਹਾਰ ਦੀ ਵਧਾਈ ਦਿਤੀ ਹੈ। ਪਰ ਇਨ੍ਹਾਂ ਚੋਣਾਂ ਵਿਚ ਹਰ ਸਾਧਾਰਣ ਆਦਮੀ ਵੀ ਜਾਣਦਾ ਹੈ ਕਿ ਰਾਜੀਵ ਗਾਂਧੀ ਦੀ ਇਹ ਸਿਆਸਤ ਸੀ ਉਹ ਪੰਜਾਬ ਦੀ ਫਾਹੀ ਅਕਾਲੀਆਂ ਦੇ ਗਲ ਮੜਨੀ ਚਾਹੁੰਦਾ ਸੀ। ਸੋ ਉਨ੍ਹਾਂ ਦਾ ਚੋਣ-ਸਮਝੌਤਾ ਹੋਇਆ ਸੀ। ਇਸ਼ਦਾ ਇਕ ਸਿੱਧਾ ਸਾਦਾ ਸਬੂਤ ਇਹ ਹੈਕਿ ਅਕਾਲੀਆਂ ਨੇ "ਬਿਮਲ ਖਾਲਸਾ" ਨਾਲ ਵਾਅਦਾ ਕਰਕੇ, ਮੁੜ ਰਾਜੀਵ ਦੇ ਕਹਿਣ ਤੇ ਹੀ ਟਿਕਟ ਨਹੀਂ ਦਿਤੀ। ਇਸ ਲਈ ਏਥੇ ਕਾਂਗਰਸ ਦੀ ਹਾਰ ਕਹਿਣਾ ਬਹੁਤਾ ਠੀਕ ਨਹੀਂ। ਸੋ ਹੁਣ ਜਿਹੜੀ ਖੇਡ ਪੰਜਾਬ ਦੇ ਮੈਦਾਨਾਂ ਵਿਚ ਖੇਡੀ ਜਾ ਰਹੀ ਹੈ ਉਸਦੀ ਗੇਂਦ ਚਿੱਟੀ ਪਗੜੀ ਵਾਲਿਆਂ ਨੇ, ਨੀਲੀ ਪਗੜੀ ਵਾਲਿਆਂ ਦੇ ਮੈਦਾਨ ਵਿਚ ਸੁੱਟ ਦਿਤੀ ਹੈ। ਮੇਰਾ ਕਹਿਣ ਤੋਂ ਭਾਵ ਹੈ ਸਾਡੇ ਮੁਲਕ ਵਿਚ ਚੋਣਾਂ ਲੋਕਾਂ ਦੀ ਚੋਣ ਦੀ ਤਰਜਮਾਨੀ ਨਹੀਂ ਕਰਦੀਆਂ। ਸਗੋਂ ਇਨ੍ਹਾਂ ਧਨਾਢਾਂ ਦੇ ਆਪਸੀ ਸਮਝੌਤਿਆਂ ਦੀ ਅਤੇ ਵੱਧ ਘੱਟ ਪੈਸੇ ਦੀ ਦੇਣ ਹੀ ਹੁੰਦੀਆਂ ਹਨ। ਸੋ ਮੇਰਾ ਵਿਚਾਰ ਏ ਕਿ ਤੁਹਾਡੇ ਵਰਗੇ ਸੱਚੇ ਸੁਚੇ ਇਨਕਲਾਬੀ ਨੂੰ ਇਨ੍ਹਾਂ ਜਿਤਾਂ ਜਾਂ ਹਾਰਾਂ ਤੇ ਵਧਾਈ ਦੇਣਾ ਸ਼ੋਭਾ ਨਹੀਂ ਦਿੰਦਾ।
—ਬੂਟਾ ਸਿੰਘ ਬਰਾੜ

## ਸਪੱਸ਼ਟੀਕਰਨ

ਅਕਾਲੀ ਸਰਕਾਰ ਕੋਲੋਂ ਬਹੁਤੀਆਂ ਉਮੀਦਾਂ ਨਾ ਰਖਦੇ ਹੋਏ ਵੀ ਪੰਜਾਬ ਵਿਚ ਕਾਂਗਰਸ ਰਾਜ ਦਾ ਖਾਤਮਾ ਇਕ ਸ਼ੁਭ ਗੱਲ ਹੈ। ਮੌਜੂਦਾ ਸਥਿਤੀ ਵਿਚ ਇਹ ਤਬਦੀਲੀ ਕੋਈ ਸਿਫਤੀ ਤਬਦੀਲੀ ਤਾਂ ਨਹੀਂ ਕਹੀ ਜਾ ਸਕਦੀ ਪਰ ਇਹ ਗੁਣਾਤਮਕ ਤਬਦੀਲੀ ਜ਼ਰੂਰ ਹੈ। ਇਹਨੇ ਲੋਕ ਰੋਹ ਨੂੰ ਇਕ ਨਵਾਂ ਵਿਸ਼ਵਾਸ ਦਿਤਾ ਹੈ। ਇਹ ਲੋਕ ਰੋਹ ਇਸ ਵੇਲੇ ਕੇਂਦਰ ਅਤੇ ਕਾਂਗਰਸ ਦੇ ਵਿਰੋਧ ਤਕ ਹੀ ਸੀਮਤ ਸੀ, ਪਰ ਆਉਣ ਵਾਲੇ ਸਮੇਂ ਵਿਚ ਅਸੀਂ ਅਪਣੀ ਮੇਹਨਤ ਨਾਲ ਇਸਨੂੰ ਸਮੁੱਚੇ ਢਾਂਚੇ ਦੇ ਵਿਰੋਧ ਸੇਧਤ ਕਰ ਸਕਦੇ ਹਾਂ। ਮੈਂ ਇਹ ਵਧਾਈ ਪੰਜਾਬ ਦੇ ਲੋਕਾਂ ਨੂੰ, ਲੋਕ ਰੋਹ ਦੀ ਜਿੱਤ ਤੇ ਦਿਤੀ ਹੈ, ਜੋ ਆਉਣ ਵਾਲੇ ਸਮੇਂ ਵਿਚ ਅਕਾਲੀ ਸਰਕਾਰ ਦੇ ਵਿਰੋਧ ਵੀ ਸੇਧਤ ਹੋਵੇਗਾ। ਇਸ ਚੋਣ ਵਿਚ ਵੀ ਕਾਂਗਰਸ ਜੇ ਜਿੱਤ ਜਾਂਦੀ ਤਾਂ ਲਕ ਵਿਸ਼ਵਾਸ਼ ਵਿਚ ਬੜੀ ਮਾਯੂਸੀ ਆਉਣੀ ਸੀ ਤੇ ਜਾਬਰ ਸਰਕਾਰੀ ਪ੍ਰਬੰਧ ਨੂੰ ਬੜੀ ਵਡੀ ਸ਼ਹਿ ਮਿਲਣੀ ਸੀ। ਲੋਕ ਰੋਹ ਨੂੰ ਜੇਕਰ ਖੱਬੀ ਧਿਰ ਅਪਣੇ ਹੱਕ ਵਿਚ ਨਹੀਂ ਭੁਗਤਾ ਸਕੀ ਤਾਂ ਇਸਨੂੰ ਆਪਾ ਪੜਚੋਲ ਨਾਲ ਵਿਚਾਰਨਾ ਜ਼ਰੂਰੀ ਹੈ। ਕਾਂਗਰਸ ਦੀ ਹਾਰ ਤੇ ਪੰਜਾਬ ਦੇ ਲੋਕ ਜ਼ਰੂਰ ਵਧਾਈ ਦੇ ਹੱਕਦਾਰ ਹਨ।
—ਗੁਰਸ਼ਰਨ ਸਿੰਘ

## ਪੰਜਾਬ ਲੋਕ ਸਭਿਆਚਾਰਕ ਮੰਚ ਦਾ ਸਾਲਾਨਾ ਸਾਹਿਤਕ ਸਮਾਗਮ

**ਦੇਸ਼ ਭਗਤ ਹਾਲ ਜਲੰਧਰ ਵਿਚ ਐਤਵਾਰ 17 ਨਵੰਬਰ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵਗਾ।**

ਸਵੇਰ ਠੀਕ 10 ਤੋਂ 10-30 ਵਜੇ : ਪਲਸ ਮੰਚ ਦੀਆਂ ਟੀਮਾਂ ਵਲੋਂ ਸੁਕੋਰਡ ਗੀਤ ਅਤੇ ਐਕਸ਼ਨ ਗੀਤ

ਸਵੇਰ 10-30 ਤੋਂ ਦੁਪਹਿਰ 3-00 ਵਜੇ ਤਕ : **ਜੁਝਾਰ ਕਵਿਤਾ ਤੇ ਸੈਮੀਨਾਰ ਤੇ ਕਵੀ ਸੰਮੇਲਨ**

ਪੰਜਾਬੀ ਕਵਿਤਾ ਤੇ ਪੇਪਰ : ਡਾਕਟਰ ਸਤਿੰਦਰ ਸਿੰਘ ਨੂਰ ਹਿੰਦੀ ਕਵਿਤਾ ਤੇ ਪੇਪਰ : ਡਾਕਟਰ ਚਮਨ ਲਾਲ

ਵਿਸ਼ਵ ਕਵਿਤਾ ਬਾਰੇ ਇਕ ਨੋਟ : ਇੰਗਲੈਂਡ ਤੋਂ ਅਮਰਜੀਤ ਚੰਦਨ ਲਿਖਣਗੇ ਤੇ ਗੁਰਸ਼ਰਨ ਸਿੰਘ ਇਸ ਨੂੰ ਪੜ੍ਹਣਗੇ

ਚਾਰ ਚੋਣਵੇਂ ਵਿਦਵਾਨ : ਡਾਕਟਰ ਤੇਜਵੰਤ ਗਿਲ, ਤੇਜਵੰਤ ਮਾਨ, ਡਾਕਟਰ ਸੁਰਜੀਤ ਹਾਂਸ, ਅਤੇ ਡਾਕਟਰ ਕਰਮਜੀਤ ਸਿੰਘ ਇਸ ਵਿਸ਼ੇ ਤੇ 15-15 ਮਿੰਟ ਲਈ ਬੋਲਣਗੇ।

ਪੇਪਰਾਂ ਦਾ ਸੈੱਟ ਲਿਖਤੀ ਰੂਪ ਵਿਚ ਸੈਮੀਨਾਰ ਉਤੇ ਮਿਲ ਸਕੇਗਾ। ਇਹਨਾਂ ਉਤੇ ਵਿਚਾਰ ਵਟਾਂਦਰਾ ਅਤੇ ਟਿੱਪਣੀ ਸਮਤਾ ਦੇ ਕਾਲਮਾਂ ਵਿਚ ਆਉਣ ਵਾਲੇ ਅੰਕਾਂ ਵਿਚ ਹੋਵੇਗਾ। ਸੈਮੀਨਾਰ ਦਾ ਉਦੇਸ਼ ਵਿਸ਼ਵ ਪੱਧਰ ਤੇ ਰਾਜਸੀ ਤੇ ਜੁਝਾਰ ਕਵਿਤਾ ਬਾਰੇ ਪੰਜਾਬੀ ਪਾਠਕਾਂ ਨੂੰ ਪਹਿਚਾਣ ਕਰਵਾਉਣੀ ਹੈ ਤਾਂ ਜੋ ਇਸ ਗਲ ਦਾ ਇਲਮ ਹੋ ਸਕੇ ਕਿ ਜੁਝਾਰ ਕਵਿਤਾ, ਦੂਜੀ ਕਵਿਤਾ ਤੋਂ ਕਿਨ੍ਹਾਂ ਪਖਾਂ ਕਰਕੇ ਵੱਖਰੀ ਹੈ ਅਤੇ ਇਹ ਕਵਿਤਾ ਕਦੋਂ ਕਵਿਤਾ ਰਹਿੰਦੀ ਹੈ ਤੇ ਕਦੋਂ ਕਵਿਤਾ ਨਹੀਂ ਰਹਿੰਦੀ।

3 ਵਜੇ ਤੋਂ 4 ਵਜੇ ਤਕ : ਕਲਚਰਲ ਪ੍ਰੋਗਰਾਮ ਜਿਸ ਵਿਚ ਇਕ ਨਾਟਕ 'ਕਿਹਰੂ ਦਸ ਨੰਬਰੀਆ' ਤੇ ਕੁਝ ਐਕਸ਼ਨ ਗੀਤ ਪੇਸ਼ ਕੀਤੇ ਜਾਣਗੇ। ਆਪ ਜੀ ਨੂੰ ਖੁੱਲ੍ਹਾ ਸੱਦਾ ਹੈ।

**ਸਬਜਿੰਦਰ ਕੇਦਾਰ** (ਜ. ਸ. ਪਲਸ ਮੰਚ) ਗੁਰਸ਼ਰਨ ਸਿੰਘ (ਪ੍ਰਧਾਨ ਪਲਸ ਮੰਚ)

**ਨੋਟ :** ਸਮਾਗਮ ਵਿਚ ਵਕਤ ਦੀ ਪਾਬੰਦੀ ਮਿੰਟਾਂ ਦੀ ਬਰੀਕੀ ਤਕ ਨਿਭਾਈ ਜਾਵੇਗੀ। ਠੀਕ ਦਸ ਵਜੇ ਸ਼ੁਰੂ ਕਰਕੇ ਠੀਕ ਚਾਰ ਵਜੇ ਇਹ ਸਮਾਗਮ ਖਤਮ ਕਰ ਦਿਤਾ ਜਾਏਗਾ। ਸਮਾਗਮ ਲਗਾਤਾਰ ਚਲੇਗਾ। ਰੋਟੀ ਜਾਂ ਚਾਹ ਲਈ ਕੋਈ ਇੰਟਰਵਲ ਨਹੀਂ ਹੋਏਗਾ।